ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 18/10 ਅਕਤੂਬਰ 2018 – ਨਾਨਕਸ਼ਾਹੀ ਅੱਸੂ-ਕੱਤਕ 550

## ਇਤਿਹਾਸਿਕ ਦਿਹਾੜੇ

### ਅਕਤੂਬਰ ਅਤੇ ਨਵੰਬਰ 2018

| | |
|---|---|
| ਜੋਤੀ-ਜੋਤਿ ਦਿਵਸ ਸ੍ਰੀ ਗੁਰੂਨਾਨਕ ਦੇਵ ਜੀ | 4 ਅਕਤੂਬਰ |
| ਦਰਬਾਰ ਖਾਲਸਾ (ਦੁਸ਼ਹਿਰਾ) | 19 ਅਕਤੂਬਰ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਾਮਦਾਸ ਜੀ | 26 ਅਕਤੂਬਰ |
| ਸਾਕਾ ਪੰਜਾ ਸਾਹਿਬ (ਪਾਕਿਸਤਾਨ) | 30 ਅਕਤੂਬਰ |
| ਜੋਤੀ ਜੋਤਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 2 ਨਵੰਬਰ |
| ਗੁਰਗੱਦੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 2 ਨਵੰਬਰ |
| ਬੰਦੀ ਛੋਡ ਦਿਵਸ (ਦਿਵਾਲੀ ) | 7 ਨਵੰਬਰ |
| ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 9 ਨਵੰਬਰ |
| ਜੋਤੀ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 12 ਨਵੰਬਰ |
| ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ | 15 ਨਵੰਬਰ |
| ਸਥਾਪਨਾ ਦਿਵਸ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ | 16 ਨਵੰਬਰ |
| ਜਨਮ ਦਿਹਾੜਾ ਭਗਤ ਨਾਮਦੇਵ ਜੀ | 19 ਨਵੰਬਰ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | 23 ਨਵੰਬਰ |
| ਅਕਾਲ ਚਲਾਣਾ ਭਾਈ ਮਰਦਾਨਾ ਜੀ | 28 ਨਵੰਬਰ |
| ਜਨਮ ਦਿਹਾੜਾ ਸਾਹਿਬਜ਼ਾਦਾ ਜੋਰਾਵਰ ਸਿੰਘ ਜੀ | 30 ਨਵੰਬਰ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਕਤਿਕਿ ਕਰਮ ਕਮਾਵਣੇ .........॥ (ਜੀਵਨ - ਜੁਗਤਿ)

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥੯॥

ਮਾਝ ਬਾਰਹਮਾਹਾ (ਮਃ ੫) - ਅੰਗ ੧੩੫

ਪਦ ਅਰਥ :- ਕਤਿਕਿ-ਕੱਤਕ (ਦੀ ਠੰਢੀ ਬਹਾਰ) ਵਿਚ। ਕਾਹੂ ਜੋਗੁ-ਕਿਸੇ ਦੇ ਜਿਮੇ, ਕਿਸੇ ਦੇ ਮੱਥੇ। ਵਿਆਪਨ੍ਹਿ-ਜੋਰ ਪਾ ਲੈਂਦੇ ਹਨ। ਰਾਮ ਤੇ-ਰੱਬ ਤੋਂ। ਲਗਨ੍ਹਿ-ਲੱਗ ਜਾਂਦੇ ਹਨ। ਜਨਮ ਵਿਜੋਗ-ਜਨਮਾਂ ਦੇ ਵਿਛੋੜੇ, ਲੰਮੇ ਵਿਛੋੜੇ। ਮਾਇਆ ਭੋਗ-ਮਾਇਆ ਦੀਆਂ ਮੌਜਾਂ, ਦੁਨੀਆਂ ਦੇ ਐਸ਼। ਵਿਚੁ-ਵਿਚੋਲਾ ਪਨ। ਕਿਸ ਥੈ-(ਹੋਰ) ਕਿਸ ਕੋਲ ? ਰੋਜ਼-ਨਿਤ, ਹਰ ਰੋਜ਼। ਕੀਤਾ-ਆਪਣਾ ਕੀਤਾ। ਧੁਰਿ-ਧੁਰ ਤੋਂ, ਪ੍ਰਭੂ ਦੀ ਹਜ਼ੂਰੀ ਤੋਂ। ਸਭਿ-ਸਾਰੇ। ਬਿਓਗ-ਵਿਛੋੜੇ ਦੇ ਦੁੱਖ। ਕਉ-ਨੂੰ ਪ੍ਰਭੂ-ਹੇ ਪ੍ਰਭੂ ! ਬੰਦੀ ਮੋਚ-ਹੇ ਕੈਦ ਤੋਂ ਛੁਡਾਣ ਵਾਲੇ ! ਬਿਨਸਹਿ-ਨਾਸ ਹੋ ਜਾਂਦੇ ਹਨ। ਸੋਚ ਫਿਕਰ।

ਅਰਥ:- ਕੱਤਕ (ਦੀ ਸੁਹਾਵਣੀ ਰੁੱਤ) ਵਿਚ (ਭੀ ਜੇ ਪ੍ਰਭੂ-ਪਤੀ ਨਾਲੋਂ ਵਿਛੋੜਾ ਰਿਹਾ ਤਾਂ ਇਹ ਆਪਣੇ) ਕੀਤੇ ਕਰਮਾਂ ਦਾ ਸਿੱਟਾ ਹੈ; ਕਿਸੇ ਹੋਰ ਦੇ ਮੱਥੇ ਕੋਈ ਦੋਸ਼ ਨਹੀਂ ਲਾਇਆ ਜਾ ਸਕਦਾ। ਪਰਮੇਸ਼ਰ (ਦੀ ਯਾਦ) ਤੋਂ ਖੁੰਝਿਆਂ (ਦੁਨੀਆਂ ਦੇ) ਸਾਰੇ ਦੁੱਖ-ਕਲੇਸ਼ ਜ਼ੋਰ ਪਾ ਲੇਂਦੇ ਹਨ। ਜਿੰਨ੍ਹਾਂ ਨੇ (ਇਸ ਜਨਮ ਵਿੱਚ) ਪਰਮਾਤਮ ਦੀ ਯਾਦ) ਵਲੋਂ ਮੂੰਹ ਮੋੜੀ ਰੱਖਿਆ; ਉਹਨਾਂ ਨੂੰ (ਫਿਰ) ਲੰਮੇ ਵਿਛੋੜੇ ਪੈ ਜਾਂਦੇ ਹਨ ਜੇਹੜੀਆਂ ਮਾਇਆ ਦੀਆਂ ਮੌਜਾਂ (ਦੀ ਖ਼ਾਤਰ ਪ੍ਰਭੂ ਨੂੰ ਭੁਲਾ ਦਿੱਤਾ ਸੀ, ਉਹ ਭੀ) ਇਕ ਪਲ ਵਿੱਚ ਦੁਖਦਾਰੀ ਹੋ ਜਾਂਦੀਆਂ ਹਨ, (ਉਸ ਦੁੱਖੀ ਹਾਲਤ ਵਿੱਚ) ਕਿਸੇ ਪਾਸ ਭੀ ਨਿੱਤ ਰੋਣੇ ਰੋਣ ਦਾ ਕੋਈ ਲਾਭ ਨਹੀਂ ਹੁੰਦਾ, (ਕਿਉਂਕਿ ਦੁੱਖ ਤਾਂ ਹੈ ਵਿਛੋੜੇ ਦੇ ਕਾਰਨ, ਦੇ ਵਿਛੋੜੇ ਨੂੰ ਦੂਰ ਕਰਨ ਲਈ) ਕੋਈ ਵਿਚੋਲਾ-ਪਨ ਨਹੀਂ ਕਰ ਸਕਦਾ। (ਦੁਖੀ ਜੀਵ ਦੀ ਆਪਣੀ) ਕੋਈ ਪੇਸ਼ ਨਹੀਂ ਜਾਂਦੀ, (ਪਿਛਲੇ ਕੀਤੇ ਕਰਮਾਂ ਅਨੁਸਾਰ) ਧੁਰੋਂ ਹੀ ਲਿਖੇ ਲੇਖਾਂ ਦੀ ਬਿਧ ਆ ਬਣਦੀ ਹੈ। (ਹਾਂ !)

ਜੇ ਚੰਗੇ ਭਾਗਾਂ ਨੂੰ ਪ੍ਰਭੂ (ਆਪ) ਆ ਮਿਲੇ, ਤਾਂ ਵਿਛੋੜੇ ਤੋਂ ਪੈਦਾ ਹੋਏ ਸਾਰੇ ਦੁੱਖ ਮਿਟ ਜਾਂਦੇ ਹਨ ।

ਨਾਨਕ ਦੀ ਤਾਂ ਇਹੀ ਬੇਨਤੀ ਹੈ-) ਹੇ ਮਾਇਆ ਦੇ ਬੰਧਨਾਂ ਤੋਂ ਛੁਡਾਵਣ ਵਾਲੇ ਮੇਰੇ ਮਾਲਕ ! ਨਾਨਕ ਨੂੰ (ਮਾਇਆ ਦੇ ਮੋਹ ਤੋਂ) ਬਚਾ ਲੈ ।ਕੱਤਕ (ਦੀ ਸੁਆਦਲੀ ਰੁੱਤ) ਵਿੱਚ ਜਿੰਨ੍ਹਾਂ ਨੂੰ ਸਾਧ ਸੰਗਤਿ ਮਿਲ ਜਾਏ, ਉਹਨਾਂ ਦੇ (ਵਿਛੋੜੇ ਵਾਲੇ ਸਾਰੇ ਚਿੰਤਾਂ-ਖੋਰੇ ਮੁੱਕ ਜਾਂਦੇ ਹਨ ।੯।

# ਗੁਰੂ ਰਾਮਦਾਸ ਦਰਸ਼ਨ

ਪੂਰਨ ਸਿੰਘ

## ਗੁਰੂ ਰਾਮਦਾਸ ਤੇ ਬਾਬਾ ਸਿਰੀ ਚੰਦ

ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ, ਬਾਬਾ ਸ੍ਰੀ ਚੰਦ ਜੀ ਆਪਣੀ ਚਲਾਈ ਹੋਈ ਸੰਪਰਦਾਇ ਦੇ ਮੁਖੀ ਸਨ । ਉਹ ਦੇਸ਼ ਵਿੱਚ ਪ੍ਰਸਿੱਧ ਰਹੱਸਵਾਦੀ ਮਹਾਂਪੁਰਸ਼ ਦੇ ਰੂਪ ਵਿੱਚ ਭਰਮਣ ਕਰਦੇ ਸਨ । ਆਪਣੀ ਇੱਕ ਯਾਤਰਾ ਸਮੇਂ ਬਾਬਾ ਸ੍ਰੀ ਚੰਦ ਜੀ, ਗੁਰੂ ਰਾਮਦਾਸ ਜੀ ਨੂੰ ਮਿਲਣ ਲਈ ਅੰਮ੍ਰਿਤਸਰ ਆਏ । ਗੁਰੂ ਰਾਮਦਾਸ ਜੀ ਦੇ ਲੰਬੇ ਦਾੜ੍ਹੇ ਨੂੰ ਵੇਖ ਕੇ ਬਾਬਾ ਸ੍ਰੀ ਚੰਦ ਨੇ ਮਖੌਲ ਵਜੋਂ ਕਿਹਾ, 'ਇਸ ਨੂੰ ਵਧਾ ਕੇ ਕਿਉਂ ਰਖਿਆ ਜੇ ', 'ਆਪ ਜੀ ਦੇ ਪਵਿੱਤਰ ਚਰਨਾਂ ਦੀ ਧੂੜ ਨੂੰ ਝਾੜਨ ਲਈ' ਗੁਰੂ ਰਾਮਦਾਸ ਜੀ ਨੇ ਉੱਤਰ ਦਿੱਤਾ । ਬਾਬਾ ਸ੍ਰੀ ਚੰਦ ਜੀ ਕਹਿਣ ਲਗੇ, 'ਇਹੀ ਕਰਾਮਤ ਹੈ ਜਿਸ ਨੇ ਤੁਹਾਨੂੰ ਏਡਾ ਵੱਡਾ ਤੇ ਮੈਨੂੰ ਏਡਾ ਛੋਟਾ ਬਣਾ ਦਿੱਤਾ ਹੈ ।'

## ਗੁਰੂ ਰਾਮਦਾਸ ਜੀ ਦਾ ਅੰਮ੍ਰਿਤਸਰ ਵਸਾਉਣਾ

ਗੁਰੂ ਰਾਮਦਾਸ ਜੀ ਨੇ ਬੇਰੀਆਂ ਦੀਆਂ ਝੰਗੀਆਂ ਦੀ ਸੰਘਣੀ ਛਾਂ ਹੇਠਾਂ ਇੱਕ ਇਕਾਂਤ ਜਿਹੀ ਥਾਂ ਨੂੰ ਜੋ ਬਾਦਸ਼ਾਹ ਅਕਬਰ ਵੱਲੋਂ ਦਿੱਤੀ ਗਈ ਜਾਗੀਰ ਦਾ ਇੱਕ ਭਾਗ ਸੀ, ਸਿੱਖਾਂ ਲਈ ਇੱਕ ਨਵਾਂ ਨਗਰ ਵਸਾਉਣ ਲਈ ਚੁਣਿਆਂ । ਇਹ ਥਾਂ ਉਨ੍ਹਾਂ ਨੇ ਗੁਰੂ ਅਮਰਦਾਸ ਜੀ ਦੇ ਕਹਿਣ ਉੱਤੇ, ਗੋਇੰਦਵਾਲ ਨੂੰ ਛੱਡ ਕੇ ਆਣ ਵਸਾਈ । ਇਥੇ ਉਨ੍ਹਾਂ ਨੇ ਇੱਕ ਵੱਡੇ ਸਰੋਵਰ ਦੀ ਖੁਦਾਈ ਸ਼ੁਰੂ ਕੀਤੀ ਜਿਸ ਨੇ ਐਨ ਵਿਚਕਾਰ ਕੇਂਦਰੀ ਹਰਿਮੰਦਰ ਬਣਾਉਣ ਦਾ ਸੰਕਲਪ ਸੀ । ਇਹ ਉਹ ਥਾਂ ਹੈ ਜਿਥੇ ਹੁਣ ਸ਼ਹਿਰ ਅੰਮ੍ਰਿਤਸਰ ਵਸ ਰਿਹਾ ਹੈ । ਉਨ੍ਹਾਂ ਦੇ ਸ਼ੁਰੂ ਕੀਤੇ ਕੰਮ ਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ । ਇਹ ਲਿਖਿਆ ਹੋਇਆ ਮਿਲਦਾ ਹੈ, ਕਿ ਇਥੋਂ ਉਹ ਜਲ ਨਿਕਲਿਆ ਜੋ ਬਹੁਤ ਸਾਰੇ ਰੋਗਾਂ ਨੂੰ ਦੂਰ ਕਰ ਸਕਦਾ ਹੈ । ਗੁਰੂ ਜੀ ਵੱਲ ਵੇਖ ਕੇ ਬਹੁਤ ਸਾਰੇ ਭਰਮਣ ਕਰ ਰਹੇ ਸਿੱਖ ਵੀ ਇਥੇ ਆ ਵਸੇ । ਅੱਜ ਦੇ ਦਿਨ ਤੱਕ, ਇਸ ਨਗਰ ਦੇ ਨਿਵਾਸੀ ਹਰ ਦੁੱਖ ਤੇ ਬਿਪਤਾ ਸਮੇਂ ਗੁਰੂ ਰਾਮਦਾਸ ਦੇ ਚਰਨਾਂ ਤੇ ਅਰਦਾਸ ਕਰਦੇ ਹਨ । ਇਹ ਜਗ੍ਹਾ ਦੀ ਚੋਣ ਇੰਨੀ ਚੰਗੀ

ਅਤੇ ਪਵਿੱਤਰ ਆਤਮਾਵਾਂ ਦੇ ਨਿਵਾਸ ਕਾਰਨ, ਏਨੀ ਬਖਸ਼ਿਸ਼ ਭਰਪੂਰ ਹੋ ਗਈ ਕਿ ਅੰਮ੍ਰਿਤਸਰ ਦਾ ਸ਼ਹਿਰ ਸਾਰੇ ਪ੍ਰਾਂਤ ਵਿੱਚ ਉਦਯੋਗ ਤੇ ਵਪਾਰ ਦਾ ਨਿਤ ਵਧਦਾ ਕੇਂਦਰ ਬਣ ਗਿਆ। ਸਾਰੇ ਆਲੇ ਦੁਆਲੇ ਦੇ ਪਿੰਡਾਂ ਨਾਲੋਂ ਇਸ ਦੀ ਭੂਮੀ ਤੇ ਜਲ ਵਾਯੂ ਏਨੀ ਭਿੰਨ ਤੇ ਉਪਜਾਉ ਹੈ ਕਿ ਏਥੇ ਕਸ਼ਮੀਰ ਦੀਆਂ ਨਾਸ਼ਪਤੀਆਂ, ਕੋਇਟੇ ਦੇ ਆੜੂ ਤੇ ਅਰਧ-ਪਹਾੜੀ ਪਰਦੇਸ਼ਾਂ ਦੇ ਕਈ ਫਲ ਫੁਲ ਆਦਿ ਉਗਾਏ ਜਾ ਸਕਦੇ ਹਨ। ਸਾਰਾ ਸ਼ਹਿਰ ਸੰਤਰਿਆਂ ਤੇ ਹੋਰ ਫਲਦਾਰ ਬੂਟਿਆਂ ਦੇ ਬਾਗਾਂ ਨਾਲ ਘਿਰਿਆ ਹੋਇਆ ਹੈ। ਜੋ ਕਮਾਈ ਲਈ ਲਗਾਏ ਜਾਂਦੇ ਹਨ। ਹੁਣ ਵੀ ਅੰਮ੍ਰਿਤਸਰ ਦੇ ਫਲ ਕਲਕੱਤੇ ਦੀ ਮੰਡੀ ਤੱਕ ਪੁੱਜਦੇ ਹਨ।

ਫਲ ਉਪਜਾਉ ਤੇ ਫਲਾਂ ਨਾਲ ਭਰਿਆ ਤੇ ਹਰਿਮੰਦਰ ਦੇ ਨਿਤ ਗੂੰਜਦੇ ਸੰਗੀਤ ਦਾ ਇਹ ਸ਼ਹਿਰ ਅੰਮ੍ਰਿਤਸਰ, ਠੀਕ ਹੀ ਅਮਰ ਕਰ ਦੇਣ ਵਾਲੇ ਅੰਮ੍ਰਿਤ ਦਾ ਸਰੋਵਰ ਹੈ।

**ਗੁਰੂ ਰਾਮਦਾਸ ਤੇ ਸ੍ਰੀ ਅਰਜਨ ਜੀ**

ਗੁਰੂ ਰਾਮਦਾਸ ਜੀ ਨੇ ਆਪਣੇ ਸਭ ਤੋਂ ਛੋਟੇ ਸਪੁੱਤਰ ਵਿੱਚ ਪ੍ਰਭੂ ਪ੍ਰੀਤਮ ਦਾ ਅਨੁਭਵ ਕੀਤਾ। ਗੁਰੂ ਅਮਰਦਾਸ ਜੀ ਦੀ ਵੀ ਇਹੀ ਪੇਸ਼ੀਨਗੋਈ ਸੀ। ਜਦੋਂ ਅਰਜਨ ਜੀ ਹਾਲੀਂ ਛੋਟੇ ਬਾਲ ਸਨ ਤਾਂ ਰਿੜ੍ਹਦੇ ਰਿੜ੍ਹਦੇ ਉਹ ਉਸ ਥਾਲ ਨੂੰ ਹੱਥ ਮਾਰਨ ਲੱਗ ਪੈਂਦੇ ਜਿਸ ਵਿਚੋਂ ਕਿ ਗੁਰੂ ਅਮਰਦਾਸ ਜੀ ਪ੍ਰਸ਼ਾਦਿ ਛੱਕ ਰਹੇ ਹੁੰਦੇ। ਤਾਂ ਗੁਰੂ ਅਮਰਦਾਸ ਜੀ ਬਚਨ ਕਰਦੇ 'ਬੱਚੇ ! ਇੰਨਾ ਬੇਸਬਰਾ ਕਿਉਂ ਹੁੰਦਾ ਏਂ ? ਤੂੰ ਵੀ ਇਸ ਥਾਲ ਵਿਚੋਂ ਪ੍ਰਸ਼ਾਦਿ ਛਕੇਂਗਾ।'

ਗੁਰੂ ਰਾਮਦਾਸ ਨੇ ਸ੍ਰੀ ਅਰਜਨ ਜੀ ਨੂੰ ਆਗਿਆ ਕੀਤੀ ਕਿ ਲਾਹੌਰ ਜਾ ਕੇ ਨਿਵਾਸ ਰਖਣ ਅਤੇ ਉਨਾ ਚਿਰ ਤੱਕ ਉੱਥੇ ਹੀ ਰਹਿਣ ਜਦੋਂ ਤੱਕ ਕਿ ਉਨ੍ਹਾਂ ਨੂੰ ਬੁਲਾਇਆ ਨਾ ਜਾਵੇ। ਸ੍ਰੀ ਅਰਜਨ ਜੀ ਲਈ ਇਹ ਇੱਕ ਵੱਡੀ ਆਤਮਕ ਪੀੜਾ ਸੀ। ਪਰ ਉਹ ਆਗਿਆਪਾਲ ਸਨ, ਇਸ ਲਈ ਲਾਹੌਰ ਜਾਣ ਲਈ ਤਿਆਰ ਹੋ ਗਏ। ਉਨ੍ਹਾਂ ਦੀ ਵਿਦਾਇਗੀ ਸਮੇਂ ਮਾਤਾ ਭਾਨੀ ਜੀ ਨੇ ਆਪਣੇ ਪੁੱਤਰ ਨੂੰ ਅਸੀਸ ਦਿੱਤੀ। ਜਿਸ ਵਿੱਚ ਉਨ੍ਹਾਂ ਨੇ ਆਪਣਾ ਮਾਤ-ਪ੍ਰੇਮ ਦਾ ਸੰਦੇਸ਼ ਦਿੱਤਾ। ਇਸ ਨੂੰ ਪਿਛੋਂ ਸੰਗੀਤ ਮਈ ਛੰਦ-ਰਚਨਾ ਵਿੱਚ ਸੰਕਲਿਤ ਕਰਕੇ ਸਿੱਖ ਮੰਡਲ ਨੇ ਆਦਰਸ਼ਕ ਸਿੱਖ ਮਾਤਾ ਵੱਲੋਂ ਆਪਣੇ ਪੁੱਤਰ ਨੂੰ ਦਿੱਤੀ ਗਈ ਸਭ ਤੋਂ ਸੂਖਮ ਅਸੀਸ ਦੇ ਰੂਪ ਵਿੱਚ ਇਸ ਨੂੰ ਸਾਂਭਿਆ ਹੋਇਆ ਹੈ :

ਪੂਤਾ ਮਾਤਾ ਕੀ ਆਸੀਸ ॥
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥
ਰਹਾਉ ॥ ਗੂਜਰੀ (ਮਃ ੫) – ਅੰਗ ੪੯੬

ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ ॥
ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥੨॥

ਗੂਜਰੀ (ਮਃ ੫) – ਅੰਗ ੪੯੬

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ ॥੩॥

ਗੂਜਰੀ (ਮਃ ੫) – ਅੰਗ ੪੯੬

ਭਵਰੁ ਤੁਮ੍ਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥

ਗੂਜਰੀ (ਮਃ ੫) – ਅੰਗ ੪੯੬

ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥

ਗੂਜਰੀ (ਮਃ ੫) – ਅੰਗ ੪੯੬

## ਸਿੱਖ ਦਾ ਜਲਾਵਤਨੀ ਵਿੱਚ ਰਹਿਣਾ

ਅਰਜਨ ਜੀ ਦੀ ਜਲਾਵਤਨੀ ਉਸੇ ਤਰ੍ਹਾਂ ਦਾ ਵਿਛੋੜਾ ਸੀ, ਜਿਸ ਤਰ੍ਹਾਂ ਦਾ ਗੁਰੂ ਅੰਗਦ ਦੇਵ ਨੂੰ ਕਰਤਾਰਪੁਰ ਛੱਡਣ ਸਮੇਂ, ਗੁਰੂ ਅਮਰਦਾਸ ਨੂੰ ਖਡੂਰ ਛੱਡਣ ਸਮੇਂ ਅਤੇ ਗੁਰੂ ਰਾਮਦਾਸ ਨੂੰ ਗੋਇੰਦਵਾਲ ਛੱਡਣ ਸਮੇਂ ਅਨੁਭਵ ਹੋਇਆ ਸੀ।

ਲਾਹੌਰ ਤੇ ਉਨ੍ਹਾਂ ਨੇ ਗੁਰੂ ਜੀ ਨੂੰ ਆਪਣੀਆਂ ਪ੍ਰਸਿੱਧ ਚਿੱਠੀਆਂ ਲਿਖ ਭੇਜੀਆਂ। ਪਰ ਵੱਡੇ ਭਾਈ ਨੇ ਉਹ ਚਿੱਠੀਆਂ ਕਾਬੂ ਕਰ ਲਈਆਂ ਅਤੇ ਗੁਰੂ ਜੀ ਤੱਕ ਪਹੁੰਚਣ ਨਾ ਦਿੱਤੀਆਂ। ਜਦੋਂ ਅੰਕ '3' ਵਾਲੀ ਚਿੱਠੀ ਕਿਸੇ ਤਰ੍ਹਾਂ ਗੁਰੂ ਜੀ ਤੱਕ ਪੁੱਜ ਗਈ ਤਾਂ ਉਨ੍ਹਾਂ ਨੇ ਸ੍ਰੀ ਅਰਜਨ ਜੀ ਨੂੰ ਲਾਹੌਰ ਤੋਂ ਵਾਪਸ ਬੁਲਾ ਲਿਆ। ਵਾਪਸੀ ਉੱਤੇ ਗੁਰੂ ਪਿਤਾ ਨੇ ਪੁਛਿਆ ਕਿ ਪਹਿਲੀ ਚਿੱਠੀ ਉੱਤੇ ਹੀ ਅੰਕ '3' ਕਿਉਂ ਲਿਖਿਆ ਗਿਆ ਸੀ ! ਸੱਚ ਦਾ ਨਿਸਤਾਰਾ ਹੋ ਗਿਆ। ਪ੍ਰਿਥੀ ਚੰਦ ਨੂੰ ਪਹਿਲੀਆਂ ਲੁਕਾਈਆਂ ਹੋਇਆਂ ਚਿੱਠੀਆਂ ਦੇ ਦੇਣ ਲਈ ਮਜ਼ਬੂਰ ਕੀਤਾ ਗਿਆ। ਇਹ ਉੱਚਤਮ ਪੱਧਰ ਦੀ ਕਾਵਿ ਰਚਨਾ ਦਾ ਨਮੂਨਾ ਸਨ। ਇਨ੍ਹਾਂ ਨੂੰ ਸੰਗੀਤ ਬੱਧ ਰੂਪ ਦੇ ਦਿੱਤਾ ਗਿਆ। ਸ੍ਰੀ ਅਰਜਨ ਜੀ ਦੇ ਘਰ ਪਰਤਣ ਉੱਤੇ ਬਹੁਤ ਖੁਸ਼ੀਆਂ ਕੀਤੀਆਂ ਗਈਆਂ।

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ॥
ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥
ਚਿਰੁ ਹੋਆ ਦੇਖੇ ਸਾਰਿੰਗਪਾਣੀ ॥ ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥

ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥
ਰਹਾਉ ॥
ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥
ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ਰਹਾਉ ॥

4

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥ – ਮਾਝ (ਮਃ ੫) – ਅੰਗ ੯੭

**ਪੁੱਤਰ ਨੂੰ ਗੁਰਿਆਈ**

ਲਾਹੌਰ ਤੋਂ ਘਰ ਪਰਤਣ ਸਮੇਂ, ਗੁਰੂ ਰਾਮਦਾਸ ਜੀ ਨੇ ਸ੍ਰੀ ਅਰਜਨ ਜੀ ਨੂੰ ਗਲਵਕੜੀ ਵਿੱਚ ਲੈ ਕੇ ਉਨ੍ਹਾਂ ਨੂੰ ਗੁਰੂ ਨਾਨਕ ਦਾ ਤਖਤ ਬਖ਼ਸ਼ ਦਿੱਤਾ। ਗੁਰੂ ਰਾਮਦਾਸ ਜੀ ਨੇ ਮਰਯਾਦਾ ਪੂਰਵਕ ਭੇਟਾਂ ਅਰਪਣ ਕੀਤੀ ਅਤੇ ਭਾਈ ਬੁੱਢਾ ਜੀ ਨੇ ਗੁਰੂ ਨਾਨਕ ਦਾ ਰੂਹਾਨੀ ਪਾਤਸ਼ਾਹੀ ਤਿਲਕ ਲਾਇਆ। ਗੁਰੂ ਰਾਮਦਾਸ ਜੀ ਨੇ ਬਚਨ ਕੀਤਾ, 'ਅਰਜਨ ਜੀ, ਸਾਰੀ ਪ੍ਰਿਥਵੀ ਦੇ ਗੁਰੂ ਬਣ ਗਏ ਹਨ। ਉਨ੍ਹਾਂ ਦੇ ਤਖ਼ਤ ਤੋਂ ਪ੍ਰਕਾਸ਼ ਪਸਰ ਕੇ ਸਾਰੇ ਸੰਸਾਰ ਨੂੰ ਰੌਸ਼ਨੀ ਕਰ ਰਿਹਾ ਹੈ।'

**ਧੰਨਵਾਦਿ ਸਾਹਿਤ ਵਿਚੋਂ :- ਦਸ ਗੁਰੂ ਦਰਸ਼ਨ**
**ਪੰਜਾਬੀ ਯੂਨੀਵਰਸਿਟੀ ਪਟਿਆਲਾ**

## ਸੁਖਮਨੀ ਸਾਹਿਬ- ਜੀਵਨ ਜਾਚ

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥**

**ਪ੍ਰਿੰ: ਨਰਿੰਦਰ ਬੀਰ ਸਿੰਘ**

ਗੁਰੂ ਅਰਜੁਨ ਪਾਤਸ਼ਾਹ ਦੀ ਰਚਨਾ "ਸੁਖਮਨੀ ਸਾਹਿਬ" ਸਭ ਤੋਂ ਜਿਆਦਾ ਪੜੀ ਜਾਣ ਵਾਲੀਆਂ ਬਾਣੀ ਵਿਚੋਂ ਹੈ। ਵੱਖ-ਵੱਖ ਸੰਸਥਾਵਾਂ ਵਿਸ਼ੇਸ਼ ਕਰਕੇ ਬੀਬੀਆਂ ਦੀ ਸੁਖਮਨੀ ਸੇਵਾ ਸੋਸਾਇਟੀਆਂ ਇਸ ਬਾਣੀ ਨੂੰ ਨਿਯਮਤ ਤੌਰ ਤੇ ਬੜੀ ਸ਼ਰਦਾ ਅਤੇ ਪਿਆਰ ਨਾਲ ਪੜਦੀਆਂ ਹਨ।

ਉਪਰੋਕਤ ਨੂੰ ਵਿਚਾਰਦਿਆਂ ਇੱਕ ਖਿਆਲ ਮਨ ਵਿੱਚ ਉਪਜਿਆ ਹੈ ਕਿ ਜਿਥੇ ਇਹ ਬਾਣੀ ਸਰਲ, ਰਸ-ਦਾਇਕ ਹੈ ਉੱਥੇ ਇਹ ਬਾਣੀ ਮਨੁੱਖ ਦੀ ਘਾੜਤ ਲਈ ਇੱਕ

ਬਹੁਤ ਹੀ ਵਧੀਆ ਜੀਵਨ–ਜਾਚ ਹੈ । ਬਾਣੀ ਨੂੰ ਪੜ ਲੈਣਾ ਮੁਬਾਰਕ ਹੈ ਪਰ ਬਾਣੀ ਨੂੰ ਵੀਚਾਰ ਕੇ, ਸਮਝ ਕੇ ਅਪਣੇ ਜੀਵਨ ਦੀ ਘਾੜਤ ਦਾ ਸਾਧਨ ਬਣਾਉਣਾ ਵਧੇਰੇ ਲਾਹਿਵੰਦ ਹੋਵੇਗਾ ਅਤੇ ਜੀਵਨ ਦੇ ਬੇਅੰਤ ਝੰਮੇਲਿਆਂ ਵਿਚੋਂ ਕਢਕੇ ਇਸ ਮਨੁੱਖ ਨੂੰ ਆਤਮਿਕ ਸੁਖ, ਸ਼ਾਂਤੀ ਅਤੇ ਅਨੰਦ ਦੀ ਪ੍ਰਾਪਤੀ ਬਖਸ਼ੇਗਾ ।

ਜੀਵਨ ਲਈ ਸੁੱਖ, ਸ਼ਾਂਤੀ, ਅਨੰਦ ਦੀ ਅਵਸਥਾ ਵਲ ਇੱਕ ਕਦਮ ਅੱਗੇ ਕਰਨ ਲਈ ਸੁਖਮਨੀ ਸਾਹਿਬ ਵਿਚੋਂ ਕੁਝ ਨੁਕਤੇ ਪ੍ਰਮਾਣਾ ਸਹਿਤ ਪੇਸ਼ ਕਰਨ ਦਾ ਹੀਆਂ ਕਰ ਰਿਹਾ ਹਾਂ । ਆਸ ਹੈ ਸੰਗਤਾਂ ਇਸ ਤੋਂ ਲੋੜੀਂਦੀ ਜੀਵਨ ਸੇਧ ਪ੍ਰਾਪਤ ਕਰ ਸਕਣ ਗੀਆਂ।

ਗੁਰੂ ਬਖਸ਼ਿਸ਼ ਕਰੇ ਬਾਣੀ ਦਾ ਪੜਨਾ, ਵਿਚਾਰਨਾ, ਸਮਝਣਾ ਅਤੇ ਬਾਣੀ ਵਿੱਚ ਸਮਾਂ ਜਾਣਾ ਸਾਡੇ ਜੀਵਨ ਦਾ ਮਨੋਰਥ ਬਣ ਜਾਵੇ ।

ਆਓ ਸੁਖਮਨੀ ਸਾਹਿਬ ਵਿੱਚੋਂ ਜੀਵਨ ਜਾਚ ਸਮਝੀਏ ।

## 1. ਨਾਮ ਹੀ ਸੁਖਾਂ ਦੀ ਮਣੀ ਹੈ ॥ ਭਗਤ ਜਨਾ ਦੇ ਹਿਰਦੇ ਵਿੱਚ ਹੀ ਨਾਮ ਵਸਦਾ ਹੈ ॥

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥

ਗਉੜੀ ਸੁਖਮਨੀ (ਮਃ ੫) – ਅੰਗ ੨੬੨

## 2. ਸਾਰਿਆਂ ਮੰਤ੍ਰਾ ਦਾ ਉਤਮ ਮੰਤ੍ਰ ਨਾਮ ਹੀ ਹੈ ।

ਸਗਲ ਮਤਾਂਤ ਕੇਵਲ ਹਰਿ ਨਾਮ ॥
ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥ ॥੨॥

ਗਉੜੀ ਸੁਖਮਨੀ (ਮਃ ੫) – ਅੰਗ ੨੯੬

ਜਾਪ ਤਾਪ ਗਿਆਨ ਸਭਿ ਧਿਆਨ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥

## 3. ਨਾਮ ਹੀ ਮਨੁੱਖ ਦੇ ਅੰਤ ਵੇਲੇ ਸਹਾਈ ਹੁੰਦਾ ਹੈ । ਹੋਰ ਕੋਈ ਭੀ ਨਹੀਂ।

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥
ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥

ਅਨਿਕ ਪੁਨਹਚਰਨ ਕਰਤ ਨਹੀ ਤਰੈ ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥
ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ ਨਾਨਕ ਪਾਵਹੁ ਸੂਖ ਘਨੇਰੇ ॥੧॥

ਗਉੜੀ ਸੁਖਮਨੀ (ਮਃ ੫) – ਅੰਗ ੨੬੪

**4. ਨਾਮ ਹੀ ਪ੍ਰਭੂ ਪ੍ਰਮਾਤਮਾ ਦੀ ਹੋਂਦ ਦਾ ਸੂਚਕ ਹੈ । ਸਭ ਕਿਛੁ ਨਾਮ ਦੀ ਹੀ ਉਤਪਤੀ ਹੈ – ਵਿਸਥਾਰ ਹੈ ।**

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤ ਬੇਦ ਪੁਰਾਨ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲਾ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੈ ਧਾਰੇ ਪੁਰੀਆ ਸਭ ਭਵਨ ॥
ਨਾਮ ਕੇ ਸੰਗਿ ਉਧਰੇ ਸੁਨਿ ਸ੍ਰਵਨ
ਕਰਿ ਕਿਰਪਾ ਜਿਸੁ ਅਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥

**5. ਜਿਸ ਨੂੰ ਇਸ ਗਲ ਦੀ ਸੋਝੀ ਹੋ ਜਾਵੇ ਕਿ ਸਭ ਕਿਛ ਨਾਮ ਤੋਂ ਹੋ ਰਿਹਾ ਹੈ ਉਸ ਨੂੰ ਇਹ ਦ੍ਰਿੜ ਹੋ ਜਾਂਦਾ ਹੋ ਕਿ**

ਕਰਣ ਕਾਰਣ ਪ੍ਰਭ ਏਕ ਹੈ ਦੂਸਰ ਨਾਹੀ ਕੋਇ ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲ ਸੋਇ ॥

**6. ਏਹੋ ਜਿਹੇ ਮਨੁੱਖ ਦੀ ਅਵਸਥਾ ਬਣਦੀ ਹੈ**

ਮਨ ਸਾਚਾ ਮੁਖੀ ਸਾਚਾ ਸੋਇ ॥ ਅਵਰ ਨ ਪੇਖੈ ਏਕਸ ਬਿਨ ਕੋਇ ॥
ਨਾਨਕ ਇਹ ਲਛਣੁ ਬ੍ਰਹਮ ਗਿਆਨੀ ਹੋਇ ।

ਮਿਥਿਆ ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਿਲ ਸੰਤਸੰਗਿ ਹੇਤਿ ॥
ਕਰਨ ਨ ਸੂਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥
ਗੁਰ ਪ੍ਰਸਾਦਿ ਬਿਖਿਆ ਪਰ ਹਰੈ ॥ ਮਨ ਕੀ ਬਾਸਨਾ ਮਨ ਤੇ ਟਰੈ ॥
ਇੰਦ੍ਰੀ ਜਿਤ ਪੰਚ ਦੋਖ ਤੋਂ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥

– ਗਉੜੀ ਸੁਖਮਨੀ (ਮਃ ੫) – ਅੰਗ ੨੭੪

ਫਿਰ ਉਸ ਮਨੁੱਖ ਦੇ ਅੰਦਰੋਂ ਹਉਮੈ ਮਿਟਦੀ ਹੈ। ਉਸਦੇ ਅੰਦਰ ਨਿਮਰਤਾ ਅਤੇ ਗਰੀਬੀ ਜਨਮ ਲੈਂਦੀ ਹੈ। ਉਸ ਨੂੰ ਸਮਝ ਪੈਂਦੀ ਹੈ ਕਿ

ਜਿਸ ਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕਪਾਤੀ ਹੋਵਤ ਸੁਆਨੁ ॥

ਜੋ ਜਾਨੈ ਮੈ ਜੋਬਨਵੰਤੁ ॥ ਸੋ ਹੋਵਤ ਬਿਸਟਾ ਕਾ ਜੰਤੁ ॥

ਆਪਸ ਕਉ ਕਰਮਵੰਤੁ ਕਹਾਵੈ ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥

ਧਨ ਭੂਮਿ ਕਾ ਜੋ ਕਰੈ ਗੁਮਾਨੁ ॥ ਸੋ ਮੂਰਖੁ ਅੰਧਾ ਅਗਿਆਨੁ ॥

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥

7. **ਜਿਸ ਮਨੁੱਖ ਦੇ ਅੰਦਰ ਗਰੀਬੀ ਵਸ ਜਾਵੇ ਅਰਥਾਤ ਮਨ ਕਰਕੇ**

ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥

ਜਾ ਕਾ ਮਨੁ ਹੋਇ ਸਗਲ ਕੀ ਰੀਨਾ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥

– ਗਉੜੀ ਸੁਖਮਨੀ (ਮਃ ੫) – ਅੰਗ ੨੬੬

ਫਿਰ ਉਹ ਗੁਰਮੁੱਖ ਸਾਸ ਸਾਸ ਵਾਹਿਗੁਰੂ ਵਾਹਿਗੁਰੂ ਕਰਦਾ ਹੈ। ਨਾਮ ਵਿੱਚ ਜੁੜਿਆ ਰਹਿੰਦਾ ਹੈ। ਅਤੇ ਸੁੱਖਾਂ ਦੀ ਮਣੀ ਨੂੰ ਪ੍ਰਾਪਤ ਕਰ ਲੈਂਦਾ ਹੈ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥

ਗਉੜੀ ਸੁਖਮਨੀ (ਮਃ ੫) – ਅੰਗ ੨੬੨

## ਗੁਰਬਾਣੀ ਵਯਾਖਯਾ ਦੇ ਅਨਮੋਲ ਰਤਨ

**ਭਾਈ ਸਾਹਿਬ ਭਾਈ ਵੀਰ ਸਿੰਘ ਜੀ**

1. ਪ੍ਰਭੂ ਦੇ ਪ੍ਰੇਮ ਵਿੱਚ ਲੀਨ ਹੁੰਦੇ ਹੋਏ ਭੀ ਨਾਮ ਤੇ ਸਤਿਸੰਗ ਨੂੰ ਨਾ ਤਯਾਗੋ। ਮਾਯਾ ਪ੍ਰਬਲ ਹੈ, ਪਤਾ ਨਹੀਂ ਕਦ ਦਾਉ ਲਾ ਜਾਵੇ। ਸਦਾ ਸਤਿਸੰਗ ਦੇ ਕੋਟ (ਕਿਲ੍ਹੇ) ਵਿੱਚ ਵਸੋ ਤੇ ਸਦਾ ਨਾਮ ਦਾ ਸਨਾਹ (ਕਵਚ) ਪਹਿਨੀ ਰਖੋ। (ਸੰ. ਪੋ. ਭਾਗ–ਦੂਜਾ ਪੰ: ੬੯੨)

2. ਸੰਸਾਰ ਵਿਹੁ ਦਾ ਸਾਗਰ ਹੈ। ਚਰਨ ਕਮਲਾਂ ਦਾ ਅਰਥਾਤ ਅੱਠ ਪਹਰ ਦੇ ਜਾਪ ਦਾ ਬੋਹਿਥ (ਜਹਾਜ) ਬਨਾਕੇ ਚੜੇ ਰਹੋ। ਜਹਾਜ਼ ਤੇ ਚੜ੍ਹਿਆ ਹੋਇਆ ਕਦੇ ਸਮੁੰਦਰ ਵਿੱਚ ਛਾਲ ਨਹੀਂ ਮਾਰਦਾ, ਸਦਾ ਚੜਿਆ ਰਹਿੰਦਾ ਹੈ ਤਾਂਹੀ ਪਾਰ ਲਗਦਾ ਹੈ। (ਸੰ. ਪੋ.–੨, ਪੰ: ੬੯੨)

3. ਸੰਸਾ ਤੇ ਭ੍ਰਮ ਆਦਿ ਹੀ ਦੁੱਖ ਦਾ ਮੂਲ ਹੁੰਦੇ ਹਨ। ਭ੍ਰਮ ਕਾਰਨ ਹੈ, ਦੁਖ ਫਲ ਹੈ। (ਸੰ. ਪੋ. ਭਾਗ–ਦੂਜਾ ਪੰ: ੬੯੩ ਫੁਟ ਨੋਟ)

4. ਛਿਨ ਛਿਨ ਸਿਮਰਨ ਵਾਲੇ ਨੂੰ ਇਕ ਛਿਨ ਐਸੀ ਕਦੇ ਆ ਜਾਂਦੀ ਹੈ ਕਿ ਉਸ ਨੂੰ ਵਾਹਿਗੁਰੂ ਜੀ ਦੀ ਮੇਹਰ ਨਾਲ ਅਨੁਭਵ ਪ੍ਰਾਪਤ ਹੋ ਜਾਂਦਾ ਹੈ। ਹਾਂ, ਵਾਹਿਗੁਰੂ ਜੀ ਦਾ ਹੀ ਰੂਪ ਸਾਰੇ ਦਿਸ ਪੈਂਦਾ ਹੈ। (ਸੰ. ਪੋ. ਭਾਗ-ਦੂਜਾ ਪੰ: ੭੨੩)

5. ਹੇ ਅਕਾਲ ਪੁਰਖ ! ਤੇਰੇ ਗੁਣਾਂ ਦਾ ਆਵੇਸ਼ ਤੇਰੇ ਨਾਮ ਵਿੱਚ ਹੈ, ਇਸ ਨੂੰ ਲੈਕੇ ਜੀਵ ਪਤਿਤ ਤੋਂ ਪਾਵਨ ਹੋ ਸਕਦਾ ਹੈ, ਸੁਖੀ, ਨਿਰਮਲ ਤੇ ਸੀਤਲ ਹੋ ਸਕਦਾ ਹੈ। (ਸੰ. ਪੋ. ਤੀਜੀ ਪੰ: ੧੨੯੯)

6. ਨਾਮੀ ਪੁਰਖ ਆਸਾ ਅੰਦੇਸੇ ਜਿੱਤ ਲੈਂਦਾ ਹੈ, ਪਰ ਜੇ ਕੋਈ ਆਸਾ ਫੁਰ ਪਵੇ ਤਾਂ ਨਾਮ ਪੂਰਨ ਕਰ ਦੇਂਦਾ ਹੈ। ਪਹਿਲੀ ਆਸਾ ਜਗਿਆਸੂ ਦੀ ਈਸ਼੍ਵਰ ਪ੍ਰਾਪਤੀ ਹੈ, ਉਹ ਪੂਰਨ ਕਰਦਾ ਹੈ। ਗੌਣ ਆਸਾ ਕੋਈ ਫੁਰੇ ਤਾਂ ਉਹ ਬੀ ਪੂਰਦਾ ਹੈ।...... ਨਾਮ ਦਾ ਮਾਲਕ ਆਪਣੇ ਨਾਮ ਪ੍ਰੇਮੀਆਂ ਨੂੰ ਹੁਕਮ ਵਿੱਚ ਟੋਰਦਾ ਹੈ, ਨਾਮੀ ਪੁਰਖ ਮਨ ਦੇ ਮਗਰ ਨਹੀਂ ਟੁਰਦਾ ਸਗੋਂ ਸਾਂਈ ਦੀ ਰਜ਼ਾ ਵਿੱਚ ਚਲਦਾ ਹੈ। ਉਹ 'ਹੁਕਮਿ ਰਜਾਈ ਚਲਣਾ' ਦੀ ਦਾਤ ਪ੍ਰਾਪਤ ਕਰ ਲੈਂਦਾ ਹੈ। ਜੋ ਹੁਕਮ ਵਿੱਚ ਟੁਰਦਾ ਹੈ ਉਹੀ ਸਚਿਆਰ ਹੈ। (ਸੰ. ਪੋ. ਭਾਗ-ਤੀਜਾ ਪੰ. ੧੨੯੮)

7. ਮੰਗ ਹੀ ਮਾਇਆ ਵਿੱਚ ਲਪਟਨਾ ਹੈ।...ਮੰਗਣੇ ਵਾਲਾ ਮੂਰਖ ਹੈ ਕਿਉਂਕਿ ਦੇਣੇ ਵਾਲਾ ਸੁਜਾਨ ਹੈ ਉਹ ਆਪੇ ਦੇ ਰਿਹਾ ਹੈ। ਜੋ ਉਸਨੇ ਦੇਣਾ ਸੀ ਇਕੋ ਵਾਰ ਦੇ ਛਡਿਆ ਹੈ। ਸੋ ਹੇ ਮਨ ਮੂਰਖ ! ਕਿਸ ਵਾਸਤੇ ਪੁਕਾਰ ਕਰਦਾ ਹੈ ?....ਜੇ ਕੋਈ ਮੰਗ ਮੰਗਣੀ ਬੀ ਹੈ ਤਾਂ ਇਕੋ ਨਾਮ ਦੀ ਮੰਗ ਮੰਗ।(ਸੰ. ਪੋ. ਭਾਗ-ਚੌਥਾ ਪੰ: ੧੬੩੪

**ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਵਉ ॥**
**ਧਨਾਸਰੀ (ਭ ਨਾਮਦੇਵ) – ਅੰਗ ੬੯੩**

8. ਗੁੱਸਾ ਤਯਾਗੋ, ਅਭਿਮਾਨ ਤਯਾਗੋ, ਨਿੰਮਰਤਾ ਵਿੱਚ ਰਹੋ, ਨਾਮ ਰਸ ਵਿੱਚ ਮਗਨ ਹੋ ਜਾਓ, ਨਾਮ ਨਾਲ ਵਿਕਾਰ ਦੂਰ ਹੋ ਜਾਣਗੇ। ਨਾਮ ਦਾ ਰਸ ਆ ਜਾਏਗਾ। (ਸੰ. ਪੋ. ਭਾਗ-ਚੌਥਾ ਪੰ: ੧੬੩੬)

9. ਲਾਲਚ ਤੇ ਝੂਠ ਇਹ ਬਿਖ ਤੇ ਬਿਆਧੀਆਂ ਹਨ, ਜਿਨ੍ਹਾਂ ਕਰਕੇ ਜੀਵ ਦਾ ਬਾਰ ਬਾਰ ਇਸ ਦੇਹੀ ਵਿੱਚ ਵਾਸਾ ਹੁੰਦਾ ਹੈ। (ਸੰ. ਪੋ. ਭਾਗ-ਚੌਥਾ ਪੰ: ੧੬੩੭ (ਫੁਟ ਨੋਟ)

10. ਨਾਮ ਪ੍ਰਭੂ-ਪਤੀ ਦੇ ਮਿਲਾਪ ਦੀ ਚਾਹਨਾ ਵਾਲੀ ਭਾਵ ਸੰਯੁਕਤ feeling (ਭਾਵਨਾ) ਵਾਲੀ ਯਾਦ ਹੋਵੇ। ਇਹ ਨਾਮ ਸਿਮਰਨ ਸੁਧਾ ਪ੍ਰੇਮ ਬਣ ਜਾਏਗਾ। ਇਸ ਪਿਆਰ ਨਾਲ ਮੇਲਾ ਹੋਏਗਾ। (ਸੰ. ਪੋ. ਭਾਗ-ਚੌਥਾ ਪੰ: ੧੫੫੬)

11. ਵਾਹਿਗੁਰੂ ਪ੍ਰੇਮ ਹੈ, ਪ੍ਰੇਮ ਨਾਲ ਸਿਮਰੋ। ਰਸਤਾ ਵਿਸਮਾਦ ਹੈ ਜੋ ਸਿਫਤ ਸਲਾਹ ਨਾਲ ਮਿਲਦਾ ਹੈ। (ਸੰ. ਪੋ. ਭਾਗ-ਚੌਥਾ ਪੰ: ੧੫੫੭)

**12.** **"ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ"** ਅਨਹਦ ਪ੍ਰਾਪਤੀ ਦਾ ਤਰੀਕਾ ਹਰੀ ਨਾਮ ਦਾ ਸਿਮਰਨ ਹੈ, ਹੋਰ ਨਹੀਂ। (ਸੰ. ਪੋ. ਭਾਗ-ਚੌਥਾ ਪੰ: ੧੬੫੮ (ਫੁਟ ਨੋਟ)

13. ਹਰੀ ਦੇ ਸਿਮਰਨ ਕਰਕੇ ਹੀ ਸਾਰੀ ਧਰਤੀ ਕਾਇਮ ਹੈ, ਸਿਮਰਨ ਧਰਤੀ ਦਾ ਆਸਰਾ ਹੈ।

**"ਹਰਿ ਸਿਮਰਨਿ ਧਾਰੀ ਸਭ ਧਰਨਾ"॥ (ਸੁਖਮਨੀ-੧)**

(ਸੰ. ਪੋ. ਭਾਗ-ਚੌਥਾ ਪੰ: ੧੬੫੮ (ਫੁਟ ਨੋਟ)

14. ਸਿਮਰਨ ਸਾਧਨ ਮਾਤ੍ਰ ਨਹੀਂ, ਸਿਮਰਨ ਵਿੱਚ ਪਰਮੇਸ਼ਰ ਦੀ ਹਜ਼ੂਰੀ ਹੁੰਦੀ ਹੈ।

**"ਹਰਿ ਸਿਮਰਨ ਮਹਿ ਆਪਿ ਨਿਰੰਕਾਰਾ" ॥**

(ਸੰ. ਪੋ. ਭਾਗ-ਚੌਥਾ ਪੰ: ੧੬੫੮ (ਫੁਟ ਨੋਟ)

15. ਗੁਰਮੁਖ ਹੋਣਾ ਤੇ ਗੁਰੂ ਦੁਆਰੇ ਨਾਮ ਪ੍ਰਾਪਤ ਕਰਨਾ ਇਕੋ ਗੱਲ ਹੈ।

**ਨਾਨਕ ਗੁਮੁਖਿ ਹਰਿ ਸਿਮਰਨੁ ਤਿਨਿ ਪਾਇਆ ॥**

(ਗੁ: ਗ੍ਰੰਥ ਪੰਨਾ: ੨੬੨) (ਸੰ. ਪੋ. ਭਾਗ-ਚੌਥਾ ਪੰ: ੧੬੫੮ (ਫੁਟ ਨੋਟ)

**ਧੰਨਵਾਦਿ ਸਾਹਿਤ ਵਿਚੋਂ :-**

**ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅਨਮੋਲ ਰਤਨ**

## ਗੁਰਬਾਣੀ ਵਿੱਚ ਕਿਰਤ ਕਰਨ ਦਾ ਸੰਕਲਪ

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ ਅੰਕ-1245

**ਡਾ. ਸਰੂਪ ਸਿੰਘ ਅਲੱਗ**

**ਪੀ. ਐਚ. ਡੀ., ਡੀ. ਲਿਟ. ਯੂ. ਐਸ. ਏ.**

ਦਸ ਗੁਰੂ ਸਾਹਿਬਾਨ ਨੇ 239 ਸਾਲ ਦੀ ਲੰਮੀ ਟਰੇਨਿੰਗ ਦੇ ਕੇ ਮਨੁੱਖ ਨੂੰ ਸਪੱਸ਼ਟ ਰੂਪ ਵਿੱਚ ਸੋਝੀ ਕਰਾਈ ਹੈ ਕਿ ਉਸਨੇ ਇੱਕ ਚੰਗੇ ਗਰਸਥੀ ਵਾਂਗਰਾਂ ਜੀਵਨ ਬਤੀਤ ਕਰਨ ਲਈ ਆਪਣੀ ਗੁਜ਼ਰਾਨ ਲਈ ਕਿਰਤ ਕਮਾਈ ਕਰਨੀ ਹੈ ਤਾਂ ਕਿ ਸੰਸਾਰ ਵਿੱਚ ਇੱਜ਼ਤਦਾਰੀ ਵਾਲਾ ਜੀਵਨ ਬਤੀਤ ਕੀਤਾ ਜਾ ਸਕੇ। ਗੁਰਬਾਣੀ ਵਿੱਚ ਵੀ ਨੇਕ ਤੇ ਸੁੱਚੀ

ਕਿਰਤ ਕਰਨ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਅਤੇ ਕੀਤੀ ਗਈ ਕਿਰਤ ਵਿੱਚੋਂ ਹੋਣ ਵਾਲੀ ਕਮਾਈ ਨੂੰ ਵੀ ਦੂਜਿਆਂ ਵਿੱਚ ਵੰਡ ਕੇ ਛਕਣ ਦਾ ਉਪਦੇਸ਼ ਹੈ ਤਾਕਿ ਕੋਈ ਭੁੱਖਾ ਨਾ ਰਹੇ ਅਤੇ ਮਨੁੱਖ ਮਾਇਆ ਦੀ ਬੇਲੋੜੀ ਦੌੜ ਵਿੱਚ ਪੈ ਕੇ ਦੂਜਿਆਂ ਨਾਲ ਬੇਇਨਸਾਫ਼ੀ ਤੇ ਲੁੱਟ ਖਸੁਟ ਕਰਨ ਦੀ ਰੁਚੀ ਨੂੰ ਪਾਲਣ ਨਾ ਲਗ ਜਾਵੇ । ਜੇਕਰ ਉਹ ਆਪਣੀ ਕਿਰਤ ਵਿੱਚੋਂ ਕੁਝ ਦੂਜੇ ਨੂੰ ਦੇਣ ਦਾ ਸੁਭਾਅ ਬਣਾ ਲਏਗਾ ਤਾਂ ਉਸਨੂੰ ਇੱਕ ਖਾਸ ਪਰਕਾਰ ਦੀ ਸੰਤੁਸ਼ਟਤਾ ਮਿਲੇਗੀ, ਮਨੁੱਖੀ ਭਾਈਚਾਰੇ ਲਈ ਉਸਦੀ ਸਦ ਭਾਵਨਾ ਵਿਕਸਤ ਹੋਵੇਗੀ ਅਤੇ ਇਵੇਂ ਇੱਕ ਸਿਹਤਮੰਦ ਸਮਾਜ ਦੀ ਉਸਾਰੀ ਹੋਵੇਗੀ, ਨਵਾਂ ਵਿਕਾਸ ਤੇ ਵਿਗਾਸ ਹੋਵੇਗਾ ਅਤੇ ਆਤਮਿਕ ਜੀਵਨ ਨੂੰ ਵੀ ਪ੍ਰਫੁੱਲਤ ਹੋਣ ਦੇ ਅਵਸਰ ਪਰਦਾਨ ਹੋਣਗੇ । '**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ** ॥' ਦੇ ਅਰਥ ਹੀ ਇਹ ਹੀ ਹਨ ਕਿ ਇਸ ਭਾਵਨਾ ਅਨੁਸਾਰ ਜੀਵਨ ਬਤੀਤ ਕਰਨ ਨਾਲ ਸਮਾਜਿਕ ਸੁੱਖ, ਆਤਮਿਕ ਪ੍ਰਸੰਨਤਾ ਅਤੇ ਸਰੀਰਕ ਸੰਤੋਖ ਪ੍ਰਾਪਤ ਹੁੰਦਾ ਹੈ । ਇਨ੍ਹਾਂ ਗੁਣਾਂ ਦੀ ਪ੍ਰਪੱਕਤਾ ਨਾਲ ਅਵੱਸ਼ ਹੀ ਪ੍ਰਭੂ ਪ੍ਰਾਪਤੀ ਦੇ ਰਾਹ ਦੀ ਸਹੀ ਪਛਾਣ ਹੁੰਦੀ ਹੈ । ਅਜਿਹੀ ਕਿਰਤ ਜਿਹੜੀ ਸੱਚ ਤੇ ਅਧਾਰਤ ਹੋਵੇ ਅਤੇ ਉਸ ਤੋਂ ਦੂਜੇ ਦੀ ਸੰਤੁਸ਼ਟਤਾ ਵੀ ਜੁੜੀ ਹੋਈ ਹੋਵੇ, ਸਹੀ ਅਰਥਾਂ ਵਿੱਚ ਖ਼ੁਸ਼ੀ ਦੇਣ ਵਾਲੀ ਕਿਰਤ ਹੈ ਜਿਸਦੇ ਕਰਨ ਨਾਲ ਮਨੁੱਖ ਨੂੰ ਆਪਣੇ ਅੰਦਰਲੇ ਗੁਣਾਂ ਨੂੰ ਪ੍ਰਗਟਾਉਣ ਅਤੇ ਆਪਣੀ ਹਸਤੀ ਨੂੰ ਪੂਰੀ ਤਰ੍ਹਾਂ ਨਿਖਾਰਨ ਦਾ ਵੀ ਅਵਸਰ ਪ੍ਰਾਪਤ ਹੁੰਦਾ ਹੈ । ਲਾਲਚ ਤੇ ਅਧਾਰਤ ਕਿਰਤ ਨੂੰ ਗੁਰਬਾਣੀ ਵਿੱਚ ਅਪਰਵਾਨ ਕੀਤਾ ਗਿਆ ਹੈ ਕਿਉਂਕਿ ਉਸ ਵਿੱਚੋਂ ਕਈ ਵਿਕਾਰ ਉਪਜਦੇ ਹਨ । ਲਾਲਚੀ ਮਨੁੱਖ ਆਪਣੇ ਸਭ ਅਸੂਲ ਛਿੱਕੇ ਤੇ ਟੰਗ ਵੀ ਦਿਨ ਰਾਤ ਇਸ ਲਈ ਕਿਰਤ ਕਰਦਾ ਰਹਿੰਦਾ ਹੈ ਕਿ ਉਹ ਕਾਫ਼ੀ ਧਨ ਜੋੜ ਲਵੇ ਫਿਰ ਉਸਦੀ ਵਰਤੋਂ ਕਰਕੇ ਮਨ ਚਾਹੇ ਸੁੱਖ ਨੂੰ ਪ੍ਰਾਪਤ ਕਰ ਸਕੇ । ਇਹ ਮਨੁੱਖ ਦੀ ਖਾਮ ਖ਼ਿਆਲੀ ਹੈ, ਗ਼ਲਤ ਸੋਚ ਹੈ । ਅਜਿਹਾ ਕਰਨ ਨਾਲ ਉਸਦਾ ਵਿਹਾਰ ਉਸ ਰੇਸ਼ਮ ਦੇ ਕੀੜੇ ਵਰਗਾ ਬਣ ਜਾਂਦਾ ਹੈ ਜੋ ਦਿਨ ਰਾਤ ਕਿਰਤ ਕਰਦਾ ਹੋਇਆ ਰੇਸ਼ਮ ਤਿਆਰ ਕਰਕੇ ਆਪਣੇ ਉੱਪਰ ਇਕੱਠਾ ਕਰੀ ਜਾਂਦਾ ਹੈ ਪਰ ਜਦ ਰੇਸ਼ਮ ਨੂੰ ਇਕੱਤਰ ਕਰਨ ਵਾਲਾ ਆਉਂਦਾ ਹੈ ਤਾਂ ਉਹ ਰੇਸ਼ਮ ਦੀ ਪ੍ਰਾਪਤੀ ਵਿੱਚ ਰੇਸ਼ਮ ਦੇ ਕੀੜੇ ਨੂੰ ਵੀ ਨਾਲ ਹੀ ਉਬਾਲ ਦੇਂਦਾ ਹੈ । ਕੀੜਾ ਰੇਸ਼ਮ ਤੋਂ ਸੁੱਖ ਲੈਂਦਾ ਲੈਂਦਾ ਅਤਿਅੰਤ ਦੁੱਖੀ ਹਾਲਤ ਵਿੱਚ ਗ਼ਰਕ ਹੋ ਜਾਂਦਾ ਹੈ । ਇਸ ਲਈ ਗੁਰਬਾਣੀ ਦਾ ਉਪਦੇਸ਼ ਹੈ ਕਿ ਐ ਮਨੁੱਖ ਤੂੰ ਹੱਥ ਤੇ ਹੱਥ ਧਰ ਕੇ ਵੀ ਨਹੀਂ ਬੈਠਣਾ, ਕਿਸੇ ਤੇ ਆਸਰਤ ਵੀ ਨਹੀਂ ਹੋਣਾ, ਪਰ ਬੁਲੋੜੀ ਕਿਰਤ ਕਮਾਈ ਵਿੱਚ ਵੀ ਖੱਚਤ ਹੋ ਕੇ ਜ਼ਿੰਦਗੀ ਦੇ ਮੁੱਖ ਆਸ਼ੇ ਤੋਂ ਵੀ ਭਟਕ ਨਹੀਂ ਜਾਣਾ ਜੋ ਪ੍ਰਭੂ ਪ੍ਰਾਪਤੀ ਹੈ, ਤੂੰ ਚੰਗੀ ਇੱਜ਼ਤਦਾਰ ਉਪਜੀਵਕਾ ਲਈ ਉਦਮ ਕਰਨਾ ਹੈ । ਗੁਰਵਾਕ ਹੈ:

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥

ਗੂਜਰੀ ਕੀ ਵਾਰ:੨ (ਮਃ ੫) – ਅੰਕ ੫੨੨

ਇਸੇ ਪਰਥਾਏ ਗੁਰਬਾਣੀ ਦਾ ਹੋਰ ਫਰਮਾਣ ਹੈ:

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥

ਸਲੋਕ (ਭ. ਕਬੀਰ) ਗੁਰੂ ਗ੍ਰੰਥ ਸਾਹਿਬ – ਅੰਗ ੧੩੭੬

ਜੇ ਕਰ ਕੰਮ ਕਾਜ ਕਰਦਿਆਂ ਹੋਇਆਂ ਚਿਤ ਅਕਾਲਪੁਰਖ ਨਾਲ ਜੁੜਿਆ ਹੋਇਆ ਹੈ ਤਾਂ ਅਵੱਸ਼ ਹੀ ਉਹ ਕਿਰਤ ਭਾਈ ਲਾਲੋ ਵਾਂਗਰਾਂ ਸੁੱਚੀ ਹੋਵੇਗੀ ਜਿਸ ਵਿੱਚੋਂ ਅੰਮ੍ਰਿਤ ਧਾਰਾ ਵਗੇਗੀ, ਉਸਦੀ ਵਰਤੋਂ ਕਰਕੇ ਵੀ ਤਨ ਰਿਸ਼ਟ ਪੁਸ਼ਟ ਤੇ ਨਰੋਆ ਹੋਵੇਗਾ, ਮਨ ਤ੍ਰਿਪਰ ਹੋਵੇਗਾ ਅਤੇ ਆਤਮਾ ਬਲਵਾਨ ਹੋਵੇਗੀ।

ਗੁਰਬਾਣੀ ਵਿੱਚ ਕਿਰਤ ਵਿਹੂਣੇ ਮਨੁੱਖ ਨੂੰ ਵਿਹਲੜ ਕਿਹਾ ਗਿਆ ਹੈ ਜਿਸਦੀ ਸਮਾਜ ਵਿੱਚ, ਘਰ ਵਿੱਚ, ਸਾਕ ਸਬੰਧੀਆਂ ਵਿੱਚ ਕੋਈ ਇੱਜ਼ਤ ਨਹੀਂ, ਪ੍ਰਤੀਤ ਨਹੀਂ। ਇੱਥੇ ਤੱਕ ਵੀ ਗੁਰਬਾਣੀ ਸਾਨੂੰ ਤਾਕੀਦ ਕਰਦੀ ਹੈ ਕਿ ਜਿਹੜੇ ਸਨਿਆਸੀ ਪੁਰਸ਼ ਪ੍ਰਭੂ ਪ੍ਰਾਪਤੀ ਲਈ ਘਰ ਬਾਹਰ ਤੇ ਸੰਸਾਰ ਦਾ ਤਿਆਗ ਕਰਕੇ ਜੰਗਲਾਂ, ਪਹਾੜਾਂ ਵਿੱਚ ਜਾ ਵਾਸਾ ਕਰਦੇ ਹਨ, ਕਿਰਤ ਤੋਂ ਮੂੰਹ ਮੋੜ ਕੇ ਭਿੱਖਿਆ ਮੰਗ ਕੇ ਗੁਜ਼ਾਰਾ ਕਰਦੇ ਹਨ, ਉਹ ਅਸਫਲ ਮਨੁੱਖ ਹਨ, ਉਹ ਸੰਨਿਆਸੀ ਨਹੀਂ, ਦੂਜੇ ਦੇ ਟੁੱਕੜਿਆਂ ਤੇ ਪਲਣ ਵਾਲੇ ਭਾਰੂ ਵਿਹਲੜ ਹਨ।

ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥
ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥

– ਸਾਰੰਗ ਕੀ ਵਾਰ (ਮਃ ੧) – ਅੰਗ ੧੨੪੫

ਗੁਰਬਾਣੀ ਵਿੱਚ ਕਿਰਤ ਨੂੰ ਇਤਨੀ ਪ੍ਰਧਾਨਤਾ ਦਿੱਤੀ ਗਈ ਹੈ ਕਿ ਮਨੁੱਖ ਨੂੰ ਹਰ ਹਾਲਤ ਵਿੱਚ ਉਦਮਸ਼ੀਲ ਹੋ ਕੇ ਆਪਣੀ ਨੇਕ ਕਮਾਈ ਕਰਨੀ ਚਾਹੀਦੀ ਹੈ ਅਤੇ ਕਿਰਤ ਕਰਨ ਵਿੱਚ ਪੇਸ਼ ਆਉਂਦੀ ਔਖ ਤੇ ਤਕਲੀਫ਼ ਨੂੰ ਦੇਖਦਿਆਂ ਹੋਇਆਂ ਕੰਮ ਚੋਰ ਨਹੀਂ ਬਣਨਾ

ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥

ਤੁਖਾਰੀ ਬਾਰਹਮਾਹਾ (ਮਃ ੧) – ਅੰਗ ੧੧੦੯

ਕਿਰਤ ਕਰਕੇ ਫਿਰ ਵੰਡ ਛਕਣ ਨਾਲ ਜਿੱਥੇ ਮਨ ਨੂੰ ਸ਼ਾਂਤੀ ਮਿਲਦੀ ਹੈ, ਭਰਾਤਰੀ ਭਾਵ ਵਿਕਸਤ ਹੁੰਦਾ ਹੈ, ਸੱਭਿਆਚਾਰਿਕ ਜੀਵਨ ਵਿੱਚ ਨੇਕ ਕੀਮਤਾਂ ਕਦਰਾਂ ਨੂੰ ਬਲ ਪਰਦਾਨ ਹੁੰਦਾ ਹੈ ਉੱਥੇ ਅਜਿਹੇ ਵੰਡ ਛਕਣ ਵਾਲੇ ਕਿਰਤੀ ਦਾ ਅੱਗਾ ਵੀ ਸੰਵਰਦਾ ਹੈ । ਉਹ ਆਪਣੀ ਨੇਕ ਕਮਾਈ ਨੂੰ ਅਗਲੇ ਜਨਮ ਲਈ ਸੰਚਤ ਵੀ ਕਰ ਰਿਹਾ ਹੁੰਦਾ ਹੈ ।

**ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥**

**ਆਸਾ ਕੀ ਵਾਰ (ਮਃ ੧) – ਅੰਗ ੪੭੨**

ਗੁਰਬਾਣੀ ਵਿੱਚ ਹਰ ਪ੍ਰਕਾਰ ਦੀ ਕਿਰਤ ਚਾਹੇ ਉਹ ਨਾਮ ਕਮਾਉਣ ਦੀ ਹੋਵੇ ਜਾਂ ਉਪਜੀਵਕਾ ਚਲਾਉਣ ਲਈ ਦੋਹਾਂ ਹੱਥਾਂ ਦੀ ਕਿਰਤ ਹੋਵੇ, ਕਰਨ ਦੀ ਤਾਕੀਦ ਹੈ:

**ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥**

**– ਰਾਮਕਲੀ ਕੀ ਵਾਰ:੧ (ਮਃ ੧) – ਅੰਗ ੯੫੨**

ਕਿਰਤੀ ਨੂੰ ਇਸ ਗੱਲ ਦਾ ਪੂਰਾ ਪੂਰਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਸਦੇ ਇਸ ਸੰਸਾਰ ਵਿੱਚ ਕਰਮ ਐਸੇ ਹੋਣੇ ਚਾਹੀਦੇ ਹਨ ਜਿਹੜੇ ਉਸਦੀ ਕਿਰਤ ਨੂੰ ਸੁਕਿਰਤ ਵਿੱਚ ਬਦਲ ਦੇਣ ਨਹੀਂ ਤਾਂ ਉਹ ਪਰਮਾਤਮਾ ਦੀ ਨਦਰ ਤੋਂ ਵਿਹੂਣਾ ਹੋ ਜਾਵੇਗਾ ਅਤੇ ਜ਼ਲੀਲ ਤੇ ਖਵਾਰ ਹੋਵੇਗਾ ।

**ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥**
**ਦਰਿ ਮੰਗਨਿ ਭਿਖ ਨ ਪਾਇਦਾ ॥੧੬॥ਆਸਾ ਕੀ ਵਾਰ (ਮਃ ੧) ੪੭੨**

ਸ਼ਬਦ ਗੁਰੂ-ਗੁਰੂ ਗ੍ਰੰਥ ਸਾਹਿਬ ਵਿੱਚ ਜ਼ਿੰਦਗੀ ਨੂੰ ਇੱਜ਼ਤਦਾਰ ਤਰੀਕੇ ਨਾਲ ਗੁਜ਼ਾਰਨ ਲਈ ਕਿਰਤ ਦਾ ਉਪਦੇਸ਼ ਹੈ ਪਰ ਬੇਲੋੜੀ ਮਾਇਆ ਇਕੱਤਰ ਕਰਨ ਲਈ ਹਰ ਵਕਤ ਕਿਰਤ ਵਿੱਚ ਰੁੱਝੇ ਰਹਿਣ ਨੂੰ ਨਕਾਰਿਆ ਗਿਆ ਹੈ ਕਿਉਂਕਿ ਮਾਇਆ ਇਕੱਤਰ ਕਰਨ ਲਈ ਕਈ ਗ਼ਲਤ ਤੇ ਮਾੜੇ ਕੰਮ ਕਰਨੇ ਪੈਂਦੇ ਹਨ, ਬਹੁਤ ਹਾਲਤਾਂ ਵਿੱਚ ਜ਼ਮੀਰ ਤੱਕ ਨੂੰ ਮਾਰਨਾ ਪੈਂਦਾ ਹੈ ਅਤੇ ਮਾਇਆ ਵੀ ਉਹ ਜਿਸਨੇ ਨਾਲ ਨਹੀਂ ਜਾਣਾ । ਇਹ ਥੋੜ੍ਹੀ ਹੋਵੇ ਤਾਂ ਮਨੁੱਖ ਚਿੰਤਾ ਵਿੱਚ ਰਹਿੰਦਾ ਹੈ, ਬਹੁਤੀ ਹੋਵੇ ਤਾਂ ਇਸਦੀ ਸੰਭਾਲ ਵਿੱਚ ਔਖਾ ਹੋਇਆ ਫਿਰਦਾ ਹੈ । ਚੰਗਾ ਮਨੁੱਖ ਤਾਂ ਉਹ ਹੈ ਜੋ ਇਨ੍ਹਾਂ ਦੋਹਾਂ ਸਥਿਤੀਆਂ ਤੋਂ ਮੁਕਤ ਹੋ ਕੇ ਆਪਣੀ ਗੁਜ਼ਰਾਨ ਕਰੇ । ਗੁਰਵਾਕ ਹੈ:

**ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥**
**ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥**
**ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥**

**ਮਾਰੂ (ਮਃ ੫) – ਅੰਗ ੧੦੧੯**

ਮਾੜੇ ਢੰਗਾਂ ਤਰੀਕਿਆਂ ਨਾਲ ਕਮਾਈ ਦੌਲਤ ਮਨੁੱਖ ਨੂੰ ਅਭਿਮਾਨੀ, ਲਾਲਚੀ ਅਤੇ ਬੇਅਸੂਲਾ ਬਣਾ ਦੇਂਦੀ ਹੈ। ਅਜਿਹਾ ਮਨੁੱਖ ਦੌਲਤ ਤੋਂ ਸੁੱਖ ਭਾਲਦਾ ਭਾਲਦਾ ਪਰੇਸ਼ਾਨੀਆਂ ਅਤੇ ਦੁੱਖ ਤਕਲੀਫ਼ਾਂ ਵਿੱਚ ਗ੍ਰਸਤ ਹੋ ਜਾਂਦਾ ਹੈ ਜਿਹੜੀਆਂ ਉਸਨੂੰ ਚਾਰੇ ਪਾਸਿਓਂ ਖੋਰਾ ਲਗਾ ਦੇਂਦੀਆਂ ਹਨ। ਹਰ ਮਨੁੱਖ ਨੂੰ ਇਸ ਲਈ ਗੁਰਬਾਣੀ ਦੀ ਇਹ ਨਸੀਹਤ ਜ਼ਰੂਰ ਕੰਠ ਕਰਕੇ ਰੱਖਣੀ ਚਾਹੀਦੀ ਹੈ ਕਿ:

**ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥**
**ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥**
**ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥**

**ਸਿਰੀਰਾਗੁ (ਮਃ ੧) – ਅੰਗ ੨੩**

ਗ਼ਲਤ ਕਿਰਤ ਕਮਾਈ ਕਰਕੇ ਇਕੱਠੀ ਕੀਤੀ ਮਾਇਆ ਦਾ ਕੀ ਲਾਭ ਜਿਸਨੇ ਪਾਪਾਂ ਬਿਨਾਂ ਇਕੱਠੀ ਨਹੀਂ ਹੋਣਾ ਤੇ ਫਿਰ ਮਰਣ ਲਗਿਆਂ ਨਾਲ ਵੀ ਨਹੀਂ ਜਾਣਾ। ਇਸ ਤਰ੍ਹਾਂ ਇਕੱਠੀ ਕੀਤੀ ਮਾਇਆ ਦਾ ਕੀ ਲਾਭ ਕਿ ਜਿਨ੍ਹਾਂ ਬੱਚਿਆਂ ਅਤੇ ਪਰਿਵਾਰ ਦੇ ਹੋਰ ਜੀਆਂ ਦੇ ਸੁੱਖ ਅਰਾਮ ਲਈ ਇਹ ਜੋੜ ਜੋੜ ਕੇ ਸੰਭਾਲੀ ਗਈ ਹੈ ਉਹ ਪਰਿਵਾਰ ਦੇ ਮੈਂਬਰ ਹੀ ਆਖ਼ਰ ਮਨੁੱਖ ਦਾ ਸਾਥ ਛੱਡ ਦੇਂਦੇ ਹਨ। ਤਾਕੀਦ ਹੈ:

**ਕਾਹੇ ਗਰਬਸਿ ਮੂੜੇ ਮਾਇਆ ॥ ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ ॥ ਰਹਾਉ ॥ ਸਿਰੀਰਾਗੁ (ਮਃ ੧) – ਅੰਗ ੨੩**

ਭਾਈ ਗੁਰਦਾਸ ਜੀ, ਜਿਨ੍ਹਾਂ ਦੀ ਰਚੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਕੁੰਜੀ ਕਿਹਾ ਹੈ, ਵੀ ਧਰਮ ਦੀ ਕਿਰਤ ਕਰਨ ਤੇ ਹੀ ਬਲ ਦੇਂਦੇ ਹਨ। ਇਸ ਤੋਂ ਹੋਰਵੇਂ ਮਨੁੱਖ ਜੋ ਕੁਝ ਵੀ ਆਪਣੀ ਉਪਜੀਵਕਾ ਲਈ ਕਰਦਾ ਹੈ ਉਹ ਪੂਰੀ ਤਰ੍ਹਾਂ ਜਾਇਜ਼ ਨਹੀਂ ਹੈ। ਉਨ੍ਹਾਂ ਦਾ ਕਥਨ ਹੈ:

**ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ।**
**ਪਾਰਸ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨ ਲਾਵੈ।**

**(ਵਾਰ ੪੦ ਪਉੜੀ ੧੨)**

ਨਿਮਤ ਢੰਗ ਨਾਲ ਕਾਰਜ ਕਰਨ ਵਾਲੇ ਕਿਰਤੀ ਗੁਰਮੁਖ ਦੇ ਹੱਥ ਸਫਲ ਹਨ।

**ਗੁਰਮੁਖਿ ਹਥਿ ਸਕਥ ਹਨਿ ਸਾਧਸੰਗਤਿ ਗੁਰ ਕਾਰ ਕਮਾਵੈ।**

ਉਕਤ ਸਾਰੀ ਵਿਚਾਰਧਾਰਾ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ ਇਹੀ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਅਨੁਸਾਰ ਨੇਕ ਕਿਰਤ ਨੂੰ ਬਹੁਤ ਜ਼ਰੂਰੀ ਦੱਸਿਆ ਗਿਆ ਹੈ ਤਾਂ ਕਿ ਸੰਸਾਰ ਵਿੱਚ ਇੱਜ਼ਤਦਾਰ ਤਰੀਕੇ ਨਾਲ ਵਿਚਰਿਆ ਜਾ ਸਕੇ ਅਤੇ ਸੰਸਾਰ ਦੇ ਸੁਧਾਰ ਵਿੱਚ ਆਪਣਾ ਯੋਗਦਾਨ ਪਾਇਆ ਜਾ ਸਕੇ। ਕਿਰਤ ਕਰਕੇ ਮੰਗਤਾ ਨਹੀਂ ਮਨੁੱਖ

ਦਾਤਾ ਬਣ ਸਕਦਾ ਹੈ । ਅਜਿਹੀ ਅਵਸਥਾ ਬਹੁਤ ਫਲਦਾਇਕ ਹੈ । ਇਸ ਲਈ ਗੁਰਬਾਣੀ ਅਤੇ ਗੁਰਮਤਿ ਸੁੱਚੀ ਕਿਰਤ ਪ੍ਰਧਾਨ ਜੀਵਨ ਜਾਚ ਨੂੰ ਪਰਵਾਨ ਕਰਦੀ ਹੈ ਜਿਸ ਵਿੱਚ ਉਦਮਸ਼ੀਲਤਾ ਵੀ ਹੈ, ਵੰਡ ਛਕਣ ਦੀ ਭਾਵਨਾ ਵੀ ਹੈ, ਭਗਤੀ ਵੀ ਹੈ, ਸੇਵਾ ਦੀ ਜੁਗਤੀ ਵੀ ਹੈ ।

**ਵਿਚਿ ਦੁਨੀਆ ਸੇਵ ਕਮਾਈਐ ॥**
**ਤਾ ਦਰਗਹ ਬੈਸਣੁ ਪਾਈਐ ॥ ॥੪॥੩੩॥ ਸਿਰੀਰਾਗੁ (ਮਃ ੧) ੨੬**

**ਧੰਨਵਾਦਿ ਸਾਹਿਤ ਵਿਚੋਂ :- ਗੁਰਬਾਣੀ ਸੰਕਲਪ**

## ਗੁਰਬਾਣੀ ਗੁਰੂ ਹੈ ਸਭ ਦਾ ਮੰਨ ਲਓ ਗੁਰਬਾਣੀ ਨੂੰ

**ਮਾਸਟਰ ਸੁਖਦੇਵ ਸਿੰਘ ਜਾਚਕ**

ਗੁਰਬਾਣੀ ਗੁਰੂ ਹੈ ਪੂਰਾ, ਸ਼ਬਦਾ ਅਵਤਾਰ ਹੈ ।
ਸਭ ਦੀ ਹੀ ਸਾਂਝੀ ਬਾਣੀ, ਮੰਨਦਾ ਸੰਸਾਰ ਹੈ ।
ਸੱਚੇ ਦਿਲ ਨਾਲ ਜੋ ਮੰਨੇ, ਦੇਂਦੀ ਇਹ ਤਾਰ ਹੈ ।
ਝੂਠ ਨਾ ਭੋਰਾ ਜਿੰਨਾ, ਤੇਰਾ ਹਰ ਪ੍ਰਾਣੀ ਨੂੰ ।
ਗੁਰਬਾਣੀ ਗੁਰੂ ਹੈ ਸਭ ਦਾ ਮੰਨ ਲਓ ਗੁਰਬਾਣੀ ਨੂੰ ।

ਛੇ ਗੁਰੂਆਂ ਨੇ ਉਚਾਰੀ, ਭੱਟ ਕੁੱਲ ਗਿਆਰਾਂ ਨੇ ।
ਤਿੰਨ ਸਿੱਖ, ਪੰਦਰਾਂ ਭਗਤਾਂ, ਲਿਖੀਆਂ ਵਿਚਾਰਾਂ ਨੇ ।
ਛੰਤ ਅਸ਼ਟਪਦੀਆਂ ਲਿਖੀਆਂ, ਬਾਣੀ ਤਾਂ ਵਾਰਾਂ ਨੇ ।
ਅੱਜਕੱਲ੍ਹ ਦੇ ਮੰਨਣ ਲਿਖਾਰੀ, ਇਸਦੀ ਰਵਾਨੀ ਨੂੰ ।
ਗੁਰਬਾਣੀ ਗੁਰੂ ਹੈ ਸਭ ਦਾ ਮੰਨ ਲਓ ਗੁਰਬਾਣੀ ਨੂੰ ।

ਚੌਦਾਂ ਸੌ ਤੀਹ ਅੰਕ ਨੇ, ਸੱਤ ਸੌ ਪੰਦਰਾਂ ਪੱਤਰੇ ।
ਅੱਖਰ ਸਭ ਏਨੇ ਕੀਮਤੀ, ਹੀਰੇ ਜਿਉਂ ਮੋਤੀ ਜੜਤੇ ।
ਪੱਥਰ ਵੀ ਤਰ ਜਾਂਦੇ ਨੇ, ਦਿਲ ਲਾ ਜੋ ਸੁਣਦੇ ਪੜ੍ਹਤੇ ।
ਜਨਮ ਤੋਂ ਅੰਤ ਤੱਕ ਦੀ ਜੋ ਦਸਦੀ ਕਹਾਣੀ ਨੂੰ ।
ਗੁਰਬਾਣੀ ਗੁਰੂ ਹੈ ਪੂਰਾ, ਮੰਨ ਲਓ ਗੁਰਬਾਣੀ ਨੂੰ ।

ਗੂਜਰੀ, ਆਸਾ, ਪਉੜੀ, ਮਾਝ ਤੇ ਦੇਵਗੰਧਾਰੀ ।
ਸੋਰਠਿ, ਵਡਹੰਸ, ਬਿਲਾਵਲ, ਧਨਾਸਰੀ, ਗੋਂਡ, ਤੁਖਾਰੀ ।
ਬਿਹਾਗੜਾ, ਸ੍ਰੀ ਰਾਗ, ਸੂਹੀ ਤੇ ਰਾਗ ਬੈਰਾੜੀ ।
ਜੈਤਸਰੀ, ਨਟ, ਕੇਦਾਰਾ, ਭੈਰਉ, ਕਲਿਆਣੀ ਨੂੰ ।
ਗੁਰਬਾਣੀ ਗੁਰੂ ਹੈ ਸਭ ਦਾ ਮੰਨ ਲਓ ਗੁਰਬਾਣੀ ਨੂੰ ।

ਰਾਮਕਲੀ, ਮਾਲੀ ਗਉੜਾ, ਟੋਡੀ, ਪਰਭਾਤੀ ਜੀ ।
ਮਲ੍ਹਾਰ, ਬਸੰਤ ਤੇ ਸਾਰੰਗ, ਰਾਗ ਜੈਜਾਵੰਤੀ ਜੀ ।
ਮਾਰੂ, ਤਿਲੰਗ, ਕਾਨੜਾ, ਰਾਗ ਇਕੱਤੀ ਜੀ ।
ਲੱਖ ਲੱਖ ਧੰਨਵਾਦ ਗੁਰਾਂ ਦੀ, ਐਸੀ ਮਿਹਰਬਾਨੀ ਨੂੰ ।
ਗੁਰਬਾਣੀ ਗੁਰੂ ਹੈ ਸਭ ਦਾ ਮੰਨ ਲਓ ਗੁਰਬਾਣੀ ਨੂੰ ।

ਪੰਜਵੇਂ ਪਾਤਸ਼ਾਹ ਨੇ, ਕੀਤਾ ਉਪਕਾਰ ਸੀ ।
ਲਿਖਵਾ ਕੇ ਗੁਰਦਾਸ ਭਾਈ ਤੋਂ, ਕਰਤਾ ਤਿਆਰ ਸੀ ।
ਪਹਿਲਾ ਗ੍ਰੰਥੀ ਬਾਬਾ, ਬੁੱਢਾ ਸਰਦਾਰ ਸੀ ।
ਸੁੱਖਾਂ ਦੀ ਦਾਤੀ ਮੰਨ ਲਓ, ਜੋਤ ਨੂਰਾਨੀ ਨੂੰ ।
ਗੁਰਬਾਣੀ ਗੁਰੂ ਹੈ ਸਭ ਦਾ ਮੰਨ ਲਓ ਗੁਰਬਾਣੀ ਨੂੰ ।

ਧੰਨ ਧੰਨ ਗੁਰ ਕਲਗੀਧਰ ਨੇ ਸਭ ਨੂੰ ਫਰਮਾਇਆ ਸੀ ।
ਅੱਜ ਤੋਂ ਇਹ ਸਤਿਗੁਰ ਪਿਆਰਾ, ਇਸ ਦੇ ਲੜ ਲਾਇਆ ਸੀ ।
ਮੰਨਣਾ ਨਹੀਂ ਦੇਹਧਾਰੀ ਨੂੰ, ਆਪ ਸਮਝਾਇਆ ਸੀ ।
ਹਲਤ ਤੇ ਪਲਤ ਸਵਾਰੂ, ਝੂਠ ਨਾ ਜਾਣੀ ਤੂੰ ।
ਗੁਰਬਾਣੀ ਗੁਰੂ ਹੈ ਸਭ ਦਾ ਮੰਨ ਲਓ ਗੁਰਬਾਣੀ ਨੂੰ ।

ਜਾਤ ਨਾ ਪਾਤ ਕੋਈ ਐ, ਨੀਵਾਂ ਨਾ ਉੱਚਾ ਐ ।
ਸਾਰੀ ਇਹ ਰੱਬ ਦੀ ਰਚਨਾ, ਸਭ ਦੇ ਵਿੱਚ ਸੁੱਚਾ ਐ ।
ਫਿਰ ਵੀ ਅੱਜ ਹਰ ਇੱਕ ਬੰਦਾ, ਹਉਮੈਂ ਵਿੱਚ ਸੁੱਤਾ ਐ ।
ਰੱਜ ਰੱਜ ਕੇ ਪੀਓ ਆ ਕੇ, ਅੰਮ੍ਰਿਤ ਜਿਹੀ ਬਾਣੀ ਨੂੰ ।
ਗੁਰਬਾਣੀ ਗੁਰੂ ਹੈ ਸਭ ਦਾ ਮੰਨ ਲਓ ਗੁਰਬਾਣੀ ਨੂੰ ।

ਪੂਰਾ ਇਹ ਸਤਿਗੁਰ ਸੁਣਦਾ, ਸਭ ਦੀਆਂ ਫਰਿਆਦਾਂ ਨੂੰ ।
ਕਰਦਾ ਵਿਸ਼ਵਾਸ ਜੋ ਇਸ ਤੇ, ਬਦਲਦਾ ਭਾਗਾਂ ਨੂੰ ।
'ਜਾਚਕ' ਦੀ ਏਹੋ ਬੇਨਤੀ, ਹਰ ਇੱਕ ਹੀ ਪ੍ਰਾਣੀ ਨੂੰ ।
ਗੁਰਬਾਣੀ ਗੁਰੂ ਹੈ ਸਭ ਦਾ ਮੰਨ ਲਓ ਗੁਰਬਾਣੀ ਨੂੰ ।

**ਧੰਨਵਾਦਿ ਸਾਹਿਤ ਵਿਚੋਂ :-**
**ਸਿੱਖ ਮਿਸ਼ਨਰੀ ਕਾਲਜ ਦਾ ਮਾਸਿਕ ਪੱਤਰ ਸਿੱਖ ਫੁਲਵਾੜੀ**

# Honey & Cinnamon (Part 1)

## Introduction

❖ It is found that mixture of Honey and Cinnamon cures most of the diseases.

❖ Honey is produced in most of the countries of the world.

❖ Ayurvedic as well as Yunani medicine have been using honey as a vital medicine for centuries.

❖ Scientists of today also accept honey as a Ram Ban (very effective) medicine for all kinds of diseases.

❖ Honey can be used without any side effects for any kind of diseases.

❖ Today's science says that even though honey is sweet, if taken in the right dosage as a medicine, it does not harm diabetic patients also.

❖ A famous magazine named Weekly World News published in Canada dated 17 January, 95 has given a list of diseases that can be cured by Honey and Cinnamon as researched by western scientists.

## Arthritis

❖ Take one part honey to two parts of luke warm water and add a small teaspoon of cinnamon powder, make a paste and massage it on the itching part of the body slowly.

❖ It is noticed that the pain recedes within a minute or two.

❖ Or arthritis patients may daily, morning and night take one cup of hot water with two spoons of honey and one small teaspoon of cinnamon powder.

❖ If drunk regularly even chronic arthritis can be cured.

❖ In a recent research done at the Copenhagen University, it was found that when the doctors treated their patients with a mixture of one tablespoon Honey and half teaspoon cinnamon powder before breakfast, they found that within a week out of the 200 people so treated practically 73 patients were totally relieved of pain and within a month, mostly all the patients who could not walk or move around because of arthritis started walking without pain.

## Hair Loss

❖ Those suffering from hair loss or baldness, may apply a paste

of hot olive oil, one tablespoon of honey, one teaspoon of cinnamon powder before bath and keep it for approx. 15 min. and then wash the hair.

❖ It was found very effective if kept for 5 mins. also.

**Bladder Infections**

❖ Take two tablespoons of cinnamon powder and one teaspoon of honey in a glass of luke warm water and drink it.

❖ It destroys the germs of the bladder.

## Skin Infections

❖ Eczema, ringworm and all types of skin infections are cured by applying honey and cinnamon powder in equal parts on the affected parts.

**Weight Loss**

❖ Daily in the morning, ½ hour before breakfast on an empty stomach and at night before sleeping, drink honey and cinnamon powder boiled in one cup water.

❖ If taken regularly it reduces the weight of even the most obese person.

❖ Also drinking of this mixture regularly does not allow the fat to accumulate in the body even though the person may eat a high calorie diet.

## Cancer

❖ Recent research in Japan and Australia has reveled that advanced cancer of the stomach and bones have been cured successfully.

❖ Patients suffering from these kinds of cancer should daily take one tablespoon of honey with one teaspoon of cinnamon powder for one month 3 times a day.

## Fatigue

❖ Recent studies have shown that the sugar content of honey is more helpful than detrimental to the body strength.

❖ Senior citizens who take honey and cinnamon power in equal parts are more alert and flexible.

❖ Dr. Milton who has done research says that half tablespoon honey taken in one glass of water and sprinkled with cinnamon powder, taken daily after brushing and in the afternoon at about 3.00 p.m. when the vitality of the body starts decreasing, increases the vitality of the body within a week.

## Bad Breath

- ❖ **People of South America, first thing in the morning gargle with one teaspoon of honey and cinnamon powder mixed in hot water.**
- ❖ **So their breath stays fresh throughout the day.**

## Hearing Loss

- ❖ **Daily morning and night honey and cinnamon powder taken in equal parts restores hearing.**

**End Of Part - 1**

**To Be Continued**

# ਗਤੀਵਿਧੀਆਂ :-

## ਨਾਨਕਸ਼ਾਹੀ ਜੰਤਰੀ ਅਨੁਸਾਰ ਸਾਵਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਮਿਤੀ 17-09-2018 ਦਿਨ ਸੋਮਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ **'ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥'** ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ਤੇ ਕਥਾ ਦੀ ਸੇਵਾ ਵਾਇਸ ਪ੍ਰਿੰਸਪਿਲ ਭਾਈ ਹਰਵੀਰ ਸਿੰਘ ਨੇ ਨਿਭਾਈ ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਮਿਤੀ 09-09-2018 ਨੂੰ ਗੁਰਦੁਆਰਾ ਸਾਹਿਬ ਸਾਚਾ ਧਨ ਫੇਸ 3BI ਵਿਖੇ ਗੁਰਬਾਣੀ ਕੀਰਤਨ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਦੂਸਰਾ ਸਥਾਨ ਪ੍ਰਾਪਤ ਕੀਤਾ।**



ਅਕਤੂਬਰ ਮਹੀਨੇ ਦੇ ਸਮਾਗਮ:-

1. ਨਾਨਕਸ਼ਾਹੀ ਜੰਤਰੀ ਅਨੁਸਾਰ ਕੱਤਕ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 17-10-2018 ਦਿਨ ਬੁੱਧਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ 'ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥' ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

## ਸ਼ਬਦ - ਗੁਰੂ ਵਿਚਾਰ ਸੈਮੀਨਾਰ

ਮਿਤੀ 16-09-2018 ਨੂੰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ, ਸੈਕਟਰ 34, ਚੰਡੀਗੜ੍ਹ ਵਿਖੇ ਕਰਵਾਇਆ ਗਿਆ । ਡਾ. ਬਲਵਿੰਦਰ ਪਾਲ ਸਿੰਘ ਜੀ ਲੁਧਿਆਣੇ ਵਾਲਿਆਂ ਨੇ ਗੁਰਬਾਣੀ ਉਪਦੇਸ਼ ਵਿੱਚ ਮਾਨਵੀ ਸਰੋਕਾਰਾਂ ਤੇ ਰੌਸ਼ਨੀ ਪਾਉਂਦਿਆਂ , ਏਕਤਾ 'ਚ' ਅਨੇਕਤਾ ਵਾਲਾ ਜਾਤ-ਪਾਤ ਰਹਿਤ, ਕੁਰੀਤੀਆਂ ਤੋਂ ਮੁਕਤ ਸਮਾਜ ਦੀ ਸਿਰਜਣਾ ਬਾਰੇ ਦੱਸਿਆ । ਪੰਥ ਪ੍ਰਸਿੱਧ ਵਿਦਵਾਨ ਡਾ. ਇੰਦਰਜੀਤ ਸਿੰਘ ਜੀ ਗੋਗੋਆਣੀ ਨੇ ਗੁਰੂ ਸ਼ਬਦ ਦੇ ਆਸਰੇ ਪਾਖੰਡ ਤੋਂ ਬਚਣ ਬਾਰੇ ਵਿਚਾਰ ਸਾਂਝੇ ਕੀਤੇ । ਬੇਲੋੜੇ ਦਿਖਾਵੇ ਅਤੇ ਧਾਰਮਿਕ ਸ਼ੋਸ਼ਣ ਤੋਂ ਬਚਣ ਲਈ ਹਲੂਣਾ ਦਿੱਤਾ । ਉਪਰੰਤ ਲੁਧਿਆਣੇ ਤੋਂ ਆਏ ਡਾ. ਸਰਬਜੀਤ ਸਿੰਘ ਜੀ ਰੇਣੁਕਾ ਨੇ ਬੜੇ ਹੀ ਰੌਚਕ ਢੰਗ ਨਾਲ ਦੱਸਿਆ ਕਿ ਗੁਰੂ-ਸ਼ਬਦ ਦਾ ਪ੍ਰਚਾਰ - ਪ੍ਰਸਾਰ, ਸਿਰਫ ਵਿਚਾਰਾਂ ਕਰਨ ਤੋਂ ਇਲਾਵਾ ਸਵੈ ਆਚਾਰ ਰਾਹੀਂ ਕੀਤਾ ਜਾਵੇ ਤਾਂ ਹੀ ਅਸਰ ਹੋਵੇਗਾ । ਅੰਤ ਵਿੱਚ ਪਟਿਆਲੇ ਤੋਂ ਪੁੱਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਧਿਅਨ ਵਿਭਾਗ ਦੇ ਮੁੱਖੀ ਡਾ. ਸਰਬਜਿੰਦਰ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਬਾਰੇ ਬੋਲਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦੱਸਦਿਆਂ ਕਿਹਾ ਕਿ ਕੇਵਲ ਇੱਕੋ ਇੱਕ ਧਾਰਮਿਕ ਗ੍ਰੰਥ ਹੈ ਜਿਸ ਨੂੰ ਖਸਮ ਦੀ ਬਾਣੀ ਉਚਾਰਣ ਵਾਲਿਆਂ ਨੇ ਖੁਦ ਹੱਥੀ ਲਿਖਿਆ ਜਾ ਲਿਖਵਾਇਆ ਜਿਸ ਕਰਕੇ ਇਹ ਧੁਰ ਦੀ ਬਾਣੀ ਰੱਬੀ ਬੋਲਾਂ ਵਿੱਚ ਕੋਈ ਵਾਧ-ਘਾਟ ਯਾਂ ਮਿਲਾਵਟ ਸੰਭਵ ਨਹੀਂ ਹੋ ਸਕਦੀ। ਸੋ ਅੱਜ ਤੱਕ ਕੋਈ ਵੀ ਹੋਰ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਨੀ ਨਹੀਂ ਹੈ । ਲੋੜ ਹੈ ਕਿ ਗੁਰਬਾਣੀ ਸੰਦੇਸ਼ ਦੁਨੀਆ ਦੇ ਹਰ ਮਨੁੱਖ ਤੱਕ ਪਹੁੰਚਾਈਏ ਸਟੇਜ ਦਾ ਸੰਚਾਲਨ ਸ੍ਰ. ਬਲਵਿੰਦਰ ਸਿੰਘ ਸਾਗਰ ਜੀ ਨੇ ਬਾਖੂਬੀ ਕੀਤਾ । ਅੰਤ ਵਿੱਚ ਸਮੀਖਿਆ ਪ੍ਰਿ. ਨਰਿੰਦਰ ਬੀਰ ਸਿੰਘ ਜੀ ਜਨਰਲ ਸੱਕਤ੍ਰ ਨੇ ਅਤੇ ਧੰਨਵਾਦ, ਸ੍ਰ. ਇੰਦਰਜੀਤ ਸਿੰਘ ਜੀ, ਪ੍ਰਧਾਨ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਨੇ ਕੀਤਾ । ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤਾਂ ,ਵੱਖ ਵੱਖ ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਕਾਂ ਨੇ ਭਰਪੂਰ ਆਨੰਦ ਮਾਣਿਆ ।




**ਸਟੇਜ ਤੇ ਬਿਰਾਜੇ ਵਿਦਵਾਨ ਅਤੇ ਪ੍ਰਬੰਧਕ**



**ਸੈਮੀਨਾਰ ਵਿੱਚ ਵਿਦਵਾਨਾ ਦੇ ਵਿਚਾਰ ਸੁਣ ਰਹੀ ਸੰਗਤ**



ਡਾ. ਬਲਵਿੰਦਰ ਪਾਲ ਸਿੰਘ ਜੀ, ਲੁਧਿਆਣਾ,



ਡਾ. ਇੰਦਰਜੀਤ ਸਿੰਘ ਜੀ ਗੋਗਿਆਨੀ, ਅੰਮ੍ਰਿਤਸਰ,



ਡਾ. ਸਰਬਜੀਤ ਸਿੰਘ ਜੀ ਰੇਣੁਕਾ, ਲੁਧਿਆਣਾ



ਡਾ. ਸਰਬਜਿੰਦਰ ਸਿੰਘ ਜੀ, ਪਟਿਆਲਾ,



ਸਮੂਹ ਵਿਦਵਾਨਾ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

**ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ**

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਸਤੰਬਰ 2018 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 75 | 162 | 237 |
| 2 | Eye | 13 | 18 | 31 |
| 3 | Cardiology | 09 | 51 | 60 |
| 4 | Dental | 14 | 42 | 56 |
| 5 | Gynaecology | 19 | 31 | 50 |
| 6 | Homoeopathy | 32 | 411 | 443 |
| | Total | 162 | 715 | 877 |

## ਧੰਨਵਾਦਿ :

## ਸਤੰਬਰ 2018 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. Dhanwant Singh #447/Phase-IV/Mohali 1,000/-
2. S. Harjinder Singh/Sunny Enclave/M.K 500/-
3. S. D.P Singh #393/Phase- 9/Mohali 1,200/-
4. Dr. Saranjit Singh # 2817/Phase-7/Mohali 2,000/-
5. Smt. Nripjit Kaur # 39 Sant Fateh Singh Nagar Dugri /Ludhiana13050/-
6. Col. H.S Uppal #306/Sec. 33A/Chd 60,000/-
7. Bibi Rajleen Kaur #836/Phase II/Mohali 500/-
8. Bibi. Harleen Kaur Sarna #107G, Shivalik Vihar Naya Goan, Mohali 500/-
9. Bibi Harpreet Kaur #461/Sec 44A/Chd 1,000/-
10. S. Harsharnpal Singh Bhatia #461/Sec. 44A 1,000/-
11. Bibi Gurdeep Kaur #461/Sec. 44A/Chd 1,000/-
12. S. Narinder Bir Singh #1444/Sec 34C/Chd 2,000/-
13. Bibi Surjit Kaur #1444/Sec 34C/Chd 2,000/-
14. S. Parminder Pal Singh #202/Punjabi Bagh/Patiala 2,1000/-
15. Bibi Manjit Kaur Sabharwal #1385/Sec. 34C 2,000/-
16. Bibi Kiranjit Kaur Bedi #1368/Sec. 34C/Chd 5,000/-
17. Bibi Baljit Kaur #192/Sidhartha Enclave/New Delhi 15,000/-
18. S. Gajinder Singh #192/Sidhartha Enclave New Delhi 15,000/-
19. S. Gurpreet Singh #192/Sidhartha Enclave/New Delhi 15,000/-
20. S. Sarbjeet Singh #49A/Comfort Homes/Kharar 3,000/-
21. S. Deep Singh #2978/Phase-7/Mohali 1,000/-
22. S. Naunihal Singh/ Mundi Kharar 500/-
23. S. Kirpal Singh/ Mundi Kharar 200/-
24. S. Bhupinder Singh/ Mundi Kharar 100/-
25. S. Amarjit Singh/ Mundi Kharar 500/-
26. S. Dilbagh Singh/ Satkar Properties / Mundi Kharar 500/-
27. S. Darshan Singh/ Mundi Kharar 100/-
28. Bibi Amandeep Kaur/ Mundi Kharar 110/-
29. Bibi Kulbir Kaur/ Mundi Kharar 100/-
30. S. Jagjit Singh/ Mundi Kharar 100/-
31. Bibi Joginder Kaur #1133/Sec. 44B/Chd 250/-
32. Bibi Jasbir Kaur # 100/Phase-3BI/Mohali 15,000/-
33. S. Birinder Singh # 6A/Sunny Enclave/Kharar 1,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।